ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

ਖਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੩੮ ਜਿਲਦ ੩੦ ੧-੭ ਅਕਤੂਬਰ ੨੦੨੦, ੧੬-੨੨ ਅੱਸੂ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 38 Volume 30, 1-7 October 2020
Yearly Subscription India 250/-, Abroad 2500/- and Life Membership India 2500/-, Abroad 25000/-

# ਸਤਿਸੰਗ ਤੇ ਸਤਿਸੰਗੀ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਸਾਡੇ ਤਾਰਨਹਾਰ ਪ੍ਰੀਤਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦਾ ਆਪ ਨੂੰ ਅਤਿ ਗ੍ਰੀਬੀ ਤੇ ਨਿਵਾਣ ਵਿਚ ਰਖਿਆ। ਇਹ ਉਸਦੀ ਮਿਹਰ ਦੀ ਨਿਸ਼ਾਨੀ ਹੈ ਜੇ ਕਿਸੇ ਵਿਚ ਨਿੰਮ੍ਰਤਾ ਤੇ ਗ੍ਰੀਬੀ ਹੈ। ਸੁਆਦ ਤਾਂ ਕਦੇ ਫੇਰਾ ਪਾਂਦਾ ਹੈ, ਪਰ ਸੁਆਦ ਨਾ ਜਾਂ ਘਟੇ ਤੇ ਬੀ ਜੋ ਬਾਣੀ ਵਿਚ ਲਗੇ ਰਹਿੰਦੇ ਹਨ ਓਹੀ ਸੂਰਮੇ ਹਨ ਅਰ ਸਤਿਗੁਰੂ ਉਨ੍ਹਾਂ ਪਰ ਹੀ ਦਿਆਲ ਹੁੰਦੇ ਹਨ। ਅਰ ਲਗੇ ਰਹਿਣਾ ਦੱਸਦਾ ਹੈ ਕਿ ਗੁਰੂ ਨਾਨਕ ਜੀ ਦਇਆਲ ਹਨ, ਸਤਿਗੁਰ ਦੇ ਦਰ ਤੇ ਤਾਂ ਖਿਆਲ ਹੀ ਪਰਵਾਨ ਹੈ। ਜਿਸ ਰੰਗ ਵਿਚ ਰਸ ਪਵੇ ਤੇ ਨਾਮ ਦੇ ਤਰੰਗ ਵਧੀਕ ਪੈਦਾ ਹੋਣ, ਸੋਈ ਕਰੋ। ਸਾਡਾ ਤਰਲਾ ਕਿਸੇ ਤਰ੍ਹਾਂ ਦੇ ਬਣਾਉ ਵਿਚ ਪੈਣ ਦਾ ਨਹੀਂ, ਪਰ ਉਹ ਯਤਨ ਕਰਨੇ ਦਾ ਹੈ, ਜਿਨ੍ਹਾਂ ਕਰਕੇ ਨਾਮ ਯਾਦ ਰਹੇ। ਜੋ ਕਰਮ ਨਾਮ ਨੂੰ ਭੁਲਾਂਦੇ ਹਨ, ਓਹ ਸਾਰੇ ਹੀ ਨਹੀਂ ਕਰੀਦੇ। ਗੁਰੂ ਸਤਿਗੁਰੂ ਕਲਗੀਆਂ ਵਾਲੇ ਦੀ ਯਾਦ ਅਮੋਲਕ ਦਾਤ ਹੈ।

ਵਾਹਿਗੁਰੂ ਨਾਮ ਦਾ ਸਿਮਰਨ ਤੇ ਗੁਰੂ ਨਾਨਕ ਦੇ ਚਰਨਾਰਬਿੰਦ ਦਾ ਧਿਆਨ ਇਹ ਸਾਰ ਕੰਮ ਹੈ, ਹੋਰ ਸਾਰੇ ਕੰਮ ਲੋਕਾਚਾਰ ਹਨ ਅਰ ਉਨ੍ਹਾਂ ਦਾ ਕੋਈ ਲਾਭ ਨਹੀਂ। ਜੋ ਗਲਬਾਤ ਆਪ ਨਾਲ ਕਰਨੇ ਦਾ ਅਵਸਰ ਮਿਲਿਆ ਹੈ, ਉਸਦਾ ਮਨੋਰਥ ਕੇਵਲ ਏਹੀ ਸੀ ਕਿ ਆਪ ਦੇ ਹਿਰਦੇ ਵਿਚ ਜੋ ਬਾਣੀ ਤੇ ਨਾਮ ਦਾ ਅਭਿਆਸ ਅੱਗੇ ਹੈ, ਅਰ ਜੋ ਸਤਿਸੰਗ ਆਪ ਨੇ ਮਿਹਨਤਾਂ ਨਾਲ ਕੀਤੇ ਹਨ, ਉਨ੍ਹਾਂ ਦੀ ਰੰਗਣ ਵਧੇ, 'ਤੁਸੀਂ ਗੁਰੂ ਨਾਨਕ ਦੇ ਤੇ ਗੁਰੂ ਨਾਨਕ ਤੁਸਾਡਾ' ਇਹ ਪ੍ਰੇਮ ਦੂਣਾ ਚੌਣਾ ਹੋਵੇ।

ਅਸਲ ਵਿਚ ਗੁਰੂ ਨਾਨਕ ਦੇ ਦੁਆਰੇ ਤੇ ਹਰ ਆਸਾਵੰਦ ਦਾ ਤਰਲਾ ਹੁੰਦਾ ਹੈ ਕਿ ਮੈਨੂੰ ਜੋ ਕੋਈ ਮਿਲੇ, ਮੇਰੇ ਨਾਲ ਜੋ ਕੋਈ ਗਲ ਕਰੇ, ਉਸ ਦੇ ਅੰਦਰ ਮੇਰੇ ਪ੍ਰੀਤਮ ਦਾ ਪ੍ਰੇਮ ਛਾਲਾਂ ਮਾਰਕੇ ਵਧੇ ਤੇ ਉਹ ਸ੍ਰੀ ਗੁਰੂ ਜੀ ਦਾ ਸਚਾ ਪਿਆਰਾ ਬਣ ਜਾਵੇ, ਸਭ ਦਾ ਅੰਤਲਾ ਟਿਕਾਣਾ 'ਵਾਹਿਗੁਰੂ' ਹੈ ਅਰ ਸਭ ਨੂੰ ਨਾਲ ਲੈ ਕੇ (ਉਸ ਦਰ) ਜਾਣ ਵਾਲਾ ਦਾਤਾ ਗੁਰੂ ਨਾਨਕ ਹੈ ਤੇ ਜੋ ਸੰਸਾਰ ਵਿਚ ਸਤਿਸੰਗੀ ਅਰ ਗੁਰੂ ਦੁਆਰੇ ਦੇ ਆਸਾਵੰਦ ਮਿਲਦੇ ਹਨ, ਉਨ੍ਹਾਂ ਸਾਰਿਆਂ ਦੀ ਪਰਸਪਰ ਇਕ ਦੂਜੇ ਲਈ ਇਹੀ ਪ੍ਰਾਰਥਨਾ ਹੁੰਦੀ ਹੈ ਕਿ ਸਤਿਗੁਰੂ ਕਿਸੇ ਤੇ ਮਿਹਰ ਕਰੇ। ਖਬਰੇ ਕਿਸ ਦੀ ਖਾਤਰ ਕੌਣ ਬਖਸ਼ਿਆ ਜਾਵੇ। ਤ੍ਰਿਲੋਚਨ ਬ੍ਰਾਹਮਣ ਨੂੰ ਕੀਹ ਪਤਾ ਸੀ ਕਿ ਧੰਨੇ ਦੇ ਕਾਰਣ ਮੈਂ ਤਰਾਂਗਾ। ਭਾਵੇਂ ਆਪਣੇ ਜਾਣੇ ਉਹ ਧੰਨੇ ਦਾ ਉਪਦੇਸ਼ਟਾ ਬਣਿਆ, ਪਰ ਸਾਈਂ ਦੇ ਕੌਤਕ, ਕਿ ਉਸ ਸ਼ਰਧਾਲੂ ਜੱਟ ਦੀ ਤੁਫੈਲ ਉਹ ਕਠੋਰ ਬ੍ਰਾਹਮਣ ਮੁਕਤੀ ਪਾ ਗਿਆ। ਤਾਤਪਰਜ ਇਹ ਹੈ ਕਿ ਗੁਰੂ ਨਾਨਕ ਦੁਆਰੇ ਦੇ ਸਾਰੇ ਆਸਾਵੰਦ ਜਿਤਨੇ ਇਕ ਦੂਜੇ ਦੀ ਮਦਦ ਕਰਦੇ ਹਨ ਉਤਨੇ ਹੀ ਆਪਣੇ ਸੰਗੀਆਂ ਤੇ ਹੋਰ ਦੁਆਰੇ ਪਰ ਬੈਠੇ ਆਸਾਵੰਦਾਂ ਲਈ ਕਰਦੇ ਹਨ, ਤਾਤਪਰਜ ਇਹ ਹੁੰਦਾ ਹੈ:-

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥**
**ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥** (੮੩)

ਖਬਰੇ ਦਾਤੇ ਨੇ ਕਿਸ ਪਰ ਤੁੱਠਣਾ ਹੈ, ਕਿਸ ਤੇ ਮਿਹਰ ਦਾ ਮੀਂਹ ਵੱਸ ਪੈਣਾ ਹੈ ਅਰ ਖਬਰੇ ਉਸਦੀ ਤੁਫੈਲ ਸਾਡੀ ਕਲਿਆਣ ਹੋ ਜਾਣੀ ਹੈ। ਬੱਸ ਏਸ ਆਸ ਤੇ ਗੁਰੂ ਨਾਨਕ ਦੇ ਸਿਖ ਇਕ ਦੂਸਰੇ ਦੀ ਸਹਾਇਤਾ ਕਰਦੇ ਹਨ। ਹੋਰ, ਦਾਤਾ ਤਾਂ ਵਡਾ ਬਖਸ਼ਿੰਦ ਹੈ ਤੇ ਤਾਰਨਹਾਰ, ਤੇ ਰਖਣਹਾਰ, ਗੁਰੂ ਨਾਨਕ, ਸ੍ਰੀ ਗੁਰੂ ਨਾਨਕ, ਪਿਆਰਾ ਗੁਰੂ ਨਾਨਕ, ਸਭ ਤੋਂ ਵਡਾ ਸਤਿਗੁਰੂ ਨਾਨਕ, ਕੇਵਲ ਸਤਿਗੁਰ ਨਾਨਕ ਹੈ। ਸੋ ਉਸਦੇ ਦੁਆਰੇ ਲੌ ਲਾਏ ਬੈਠੇ ਰਹੀਏ, ਨਾਮ ਜਪਦੇ ਰਹੀਏ, ਉਸਦੇ ਪਿਆਰੇ ਚਰਨਾਂ ਦਾ ਧਿਆਨ ਧਾਰਦੇ ਰਹੀਏ:-

## ਅੰਦਰ


- ਗੁਰੂ ਨਾਨਕ ਬਾਣੀ ਵਿੱਚ ਵਾਤਾਵਰਨਿਕ ਚੇਤਨਾ 4
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 5
- Status of Bhagat Bani in Guru Granth Sahib 7
- ਖ਼ਬਰ-ਸਾਰ 10
- ਸ਼ਬਦ ਵਿਆਖਿਆ 11
- ਰਿਪੋਰਟ : ਸੂਫ਼ੀ ਅਤੇ ਸੰਤ ਪਰੰਪਰਾ ਦੀ ਆਪਸੀ ਸਾਂਝ ਤੇ ਲੈਕਚਰ 12

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥**
**ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥**

ਏਸ ਕਰਕੇ ਪਾਤ੍ਰਾਂ ਦੀ ਓਸ ਦੁਆਰੇ ਲੋੜ ਨਹੀਂ ਹੈ। ਸਤਿਸੰਗੀ ਆਪਣੇ ਵਰਗੇ ਸਤਿਗੁਰ ਦੇ ਘਰ ਆਸਾਵੰਦ ਬੈਠਿਆਂ ਲਈ ਆ-ਮੁਹਾਰੇ ਅਰਦਾਸੇ ਕਰਦੇ ਹਨ, ਏਸ ਕਰਕੇ ਆਪਦਾ ਖਿਆਲ ਦਰੁਸਤ ਹੈ ਅਰ ਆਪ ਜਿਸ ਤਰ੍ਹਾਂ ਲਗ ਰਹੇ ਹੋ, ਇਹ ਲਗੇ ਰਹਿਣਾ ਅਰ ਪਿਆਰੇ ਗੁਰੂ ਨਾਨਕ ਦਾ ਦਰ ਨਾ ਛਡਣਾ ਅਤਿ ਸ਼ੋਭਾਵੰਤ ਕੰਮ ਹੈ।

ਸਾਡੇ ਮਨ ਦਾ ਲਗਣਾ, ਅਰਜ਼ਾਂ, ਅਰਦਾਸਾਂ, ਬਾਣੀ, ਨਾਮ, ਧਿਆਨ, ਤਰਲੇ ਸਤਿਗੁਰੂ ਆਤਮ ਸਰੂਪ ਦੇ ਚਰਨਾਂ ਵਿਚ ਸਿੱਧੇ ਪਹੁੰਚਦੇ ਹਨ। ਹੋਰ ਸਾਡੇ ਪਾਸ ਕੀ ਹੈ? ਰਲ ਮਿਲ ਕੇ ਇਕ ਦੂਜੇ ਲਈ ਅਰਦਾਸੇ ਕਰਨੇ:-

**"ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ"॥**
ਅਤੇ **"ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ"॥**

ਦੇ ਆਸ਼ੇ ਮੂਜਬ ਅਸਾਂ ਤੁਸਾਂ ਇਕ ਦੂਜੇ ਦੇ ਬਲ ਨਾਲ ਇਸ ਅੰਧੇਰੇ ਸਫਰ ਨੂੰ ਤੈ ਕਰਨਾ ਹੈ। ਮੈਂ ਬੜੀ ਖੁਸ਼ੀ ਨਾਲ ਸਤਿਗੁਰੂ ਦੇ ਪਿਆਰਿਆਂ ਲਈ ਅਰਦਾਸੇ ਸੋਧਦਾ ਹਾਂ ਕਿਉਂਕਿ ਮੈਨੂੰ ਆਸ ਹੀ ਇਹੀ ਹੈ ਕਿ ਪਤਾ ਨਹੀਂ ਮੈਂ ਕਿਸ ਦੀ ਤੁਫੈਲ ਬਖਸ਼ੇ ਜਾਣਾ ਹੈ। ਇਸ ਲਈ ਇਹ ਕਦੇ ਖਿਆਲ ਨਾ ਕਰੋ, ਜੋ ਮੈਂ ਕਿਸੇ ਲਈ ਬੇਨਤੀ ਕਰਨੀ ਹੈ ਜਾਂ ਕਿਸੇ ਤਰ੍ਹਾਂ ਸਹਾਇਕ ਹੋ ਸਕਦਾ ਹਾਂ ਤਾਂ ਮੈਂ ਕੰਨੀ ਕਤਰਾਸਾਂ, ਸਗੋਂ ਮੈਂ ਤਾਂ ਅਪਣੇ ਧੰਨ ਭਾਗ ਜਾਣਕੇ ਸੇਵਾ ਕਰਾਂਗਾ, ਪਰ ਕੇਵਲ ਇਹੀ ਤਰਲਾ ਹੈ ਕਿ ਸਤਿਗੁਰ ਮਿਹਰ ਕਰੇ।

**(ਖਾ:ਸ: 1921 'ਚੋਂ)**

---

# ਨਿਕਟਿ ਨ ਜਾਈਅਹੁ ਦੂਤ

ਇਕ ਕਥਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਲੇ ਨਾਮ ਜਪਾਉਣ ਦਾ ਪ੍ਰਚਾਰ ਆਰੰਭ ਕੀਤਾ ਹੀ ਸੀ, ਕਿ ਇਕ ਮਨੁੱਖ ਨੇ ਆ ਚਰਨ ਪਾਹੁਲ ਲਈ, ਤੇ ਸਿੱਖ ਸਜ ਗਿਆ। ਹਾਲੇ ਉਸ ਦੇ ਗੁਰੂ ਚਰਨਾਂ ਵਿਚ ਆਏ ਨੂੰ ਥੋੜੇ ਹੀ ਦਿਨ ਹੋਏ ਸਨ ਕਿ ਦਰਗਾਹ ਦਾ ਸੱਦਾ ਆ ਗਿਆ, ਤੇ ਉਹ ਆਪਣੀ ਦੇਹ ਛੱਡ ਪ੍ਰਲੋਕ ਗਾਮੀ ਹੋ ਗਿਆ। ਇਹ ਸਭ ਤੋਂ ਪਹਿਲਾ ਗੁਰੂ ਨਾਨਕ ਦਾ ਸਿੱਖ ਸੀ ਜੋ ਮਰਿਆ। ਜਦ ਧਰਮ ਰਾਜ ਦੇ ਪੇਸ਼ ਹੋਇਆ, ਤਾਂ ਉਸ ਨੇ ਕਿਹਾ:- ਕਿ ਸਿੱਖ ਬਨਣ ਤੋਂ ਪਹਿਲਾਂ ਇਸ ਨੇ ਬੁਰੇ ਕਰਮ ਕੀਤੇ ਹਨ, ਇਸ ਵਾਸਤੇ ਇਸ ਨੂੰ ਨਰਕ ਵਿਚ ਲੈ ਜਾਵੋ ਤਾਂ ਜੋ ਆਪਣੇ ਕੀਤੇ ਦੀ ਸਜ਼ਾ ਭੁਗਤੇ। ਜਮਦੂਤ ਉਸਨੂੰ ਲੈ ਗਏ। ਹਾਲੇ ਇਹ ਨਰਕ ਦੀ ਹੱਦ ਤੇ ਪੁੱਜਾ ਹੀ ਸੀ, ਕਿ ਮੋਹਲੇਧਾਰ ਬਰਖਾ ਸ਼ੁਰੂ ਹੋ ਗਈ, ਮੀਂਹ ਥੰਮ੍ਹੇ ਹੀ ਨਾ। ਉਸ ਜਗ੍ਹਾ ਦੇ ਕਾਰ ਮੁਖਤਿਆਰਿ ਸਭ ਘਬਰਾ ਗਏ। ਆਖ਼ਰ ਕਾਰ ਯਮਦੂਤ ਨੱਠ ਕੇ ਧਰਮ ਰਾਜ ਦੀ ਕਚਹਿਰੀ ਪੁੱਜਾ। ਉਥੇ ਜਾ ਕੇ ਇਸ ਨੇ ਦੇਖਿਆ ਕਿ ਏਥੇ ਵੀ ਬਾਰਿਸ਼ ਹੋ ਰਹੀ ਸੀ ਤੇ ਧਰਮਰਾਜ ਬੀ ਸਾਰਾ ਭਿੱਜਾ ਬੈਠਾ ਸੀ। ਹਾਲੇ ਯਮਦੂਤ ਕੁੱਝ ਕਹਿਨ ਹੀ ਲੱਗਾ ਸੀ ਕਿ ਅਗੋਂ ਧਰਮਰਾਜ ਬੋਲ ਪਿਆ: ਕਿ ਉਹ ਜਿਹੜੇ ਸਿੱਖ ਨੂੰ ਤੂੰ ਨਰਕਾਂ ਨੂੰ ਲੈ ਗਿਆ ਹੈਂ ਛੇਤੀ ਨਾਲ ਉਸ ਨੂੰ ਬਾਹਰ ਕੱਢ ਕੇ ਸੱਚ ਖੰਡ ਵਿਚ ਪੁਚਾ ਦੇਹ। ਦੂਤ ਨੇ ਇਸੇ ਤਰ੍ਹਾਂ ਹੀ ਕੀਤਾ। ਫੇਰ ਕਿਤੇ ਬਾਰਸ਼ ਬੰਦ ਹੋਈ ਤੇ ਸਾਰਿਆਂ ਨੇ ਸੁਖ ਦਾ ਸਾਹ ਲਿਆ। ਯਮਦੂਤਾਂ ਦੇ ਪੁੱਛਣ ਤੇ ਧਰਮ ਰਾਜ ਨੇ ਓਨ੍ਹਾਂ ਨੂੰ ਸਮਝਾਇਆ ਕਿ ਅਕਾਲ ਪੁਰਖ ਨੂੰ ਜਗਤ ਜਲੰਦੇ ਤੇ ਤਰਸ ਆਇਆ ਸੀ, ਇਸ ਵਾਸਤੇ ਨਿਰੰਕਾਰ ਆਪ ਗੁਰੂ ਨਾਨਕ ਦੇਵ ਦੇ ਰੂਪ ਵਿਚ ਦੁਨੀਆਂ ਵਿਚ ਗਿਆ ਹੈ। ਉਥੇ ਜਾਕੇ ਓਹ ਲੋਕਾਂ ਦੇ ਦੁੱਖਾਂ ਤੇ ਤਰਸ ਕਰ ਕੇ ਪਸੀਜ ਪਏ ਤੇ ਗੁਰੂ ਨਾਨਕ ਨੇ ਨਿਰੰਕਾਰ ਦਾ ਗੁੱਝਾ ਭੇਤ ਲੋਕਾਂ ਨੂੰ ਦੱਸ ਦਿੱਤਾ ਹੈ। ਉਹ ਭੇਦ ਇਹ ਹੈ ਕਿ ਜੇ ਕੋਈ ਇਨਸਾਨ ਭਾਵੇਂ ਕਿਹੋ ਜਿਹਾ ਹੀ ਹੋਵੇ, 'ਵਾਹਿਗੁਰੂ' ਦਾ ਨਾਮ ਜਪੇ ਤਾਂ ਨਿਰੰਕਾਰ ਆਪ ਉਸ ਦੇ ਹਿਰਦੇ ਵਿਚ ਆ ਬੈਠਦਾ ਹੈ। ਇਹ ਸਿੱਖ, ਜੋ ਤੁਸੀਂ ਨਰਕਾਂ ਵਲ ਲੈ ਗਏ ਸੀ, ਵਾਹਿਗੁਰੂ ਦਾ ਨਾਮ ਜਪਦਾ ਹੈ, ਇਸ ਵਾਸਤੇ ਨਿਰੰਕਾਰ ਇਸ ਦੇ ਹਿਰਦੇ ਵਿਚ ਵੱਸਦਾ ਹੈ। ਇਸ ਨੂੰ ਨਰਕਾਂ ਦੀ ਅੱਗ ਦੀ ਗਰਮੀ ਨਹੀਂ ਪੋਹ ਸਕਦੀ, ਇਸ ਵਾਸਤੇ ਠੰਡ ਵਰਤਾਣ ਲਈ ਬਾਰਸ਼ ਸ਼ੁਰੂ ਹੋ ਗਈ। ਅੱਗੇ ਨੂੰ ਤੁਸਾਂ ਯਾਦ ਰਖਣਾ ਕਿਸੇ ਨਾਮ ਜਪਣ ਵਾਲੇ ਦੇ ਨੇੜੇ ਨਹੀਂ ਜਾਣਾ; ਨਹੀਂ ਤਾਂ ਨਾ ਮੇਰੀ ਤੇ ਨਾ ਤੁਸਾਂ ਦੀ ਹੀ ਖੈਰ ਹੋਏਗੀ।

ਪੰਚਮ ਪਾਤਸ਼ਾਹ ਜੀ ਨੇ ਇਸ ਦੀ ਸਾਖ ਇਕ ਸਲੋਕ ਵਿਚ ਐਉਂ ਭਰੀ ਹੈ:

**ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥**
**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥**

(ਗਉੜੀ ਮਹਲਾ ੫ ਬਾਵਨ ਅਖਰੀ-੩੧, ਅੰਗ ੨੫੬)

ਨਿਰੰਕਾਰ ਦਾ ਧਰਮ ਰਾਇ ਨੂੰ ਇਹ ਹੁਕਮ ਹੈ:-

**ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥**
**ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥**
**ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥**
**ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥**

(ਸਿਰੀ ਰਾਗੁ ਮਹਲਾ ੩-੬੩, ਅੰਗ ੩੮-੩੯)

ਸੋ ਸਾਨੂੰ ਨਾਮ ਜਪਣਾ ਚਾਹੀਦਾ ਹੈ। ਜੇਹੜੇ ਅੱਗੇ ਜਪਦੇ ਹਨ ਵਡਭਾਗੀ ਹਨ। ਜੇਹੜੇ ਨਹੀਂ ਜਪਦੇ ਓਹ ਹੁਣ ਲਗ ਪੈਣ ਤਾਂ ਕਿ-

**ਅਪਜਸੁ ਮਿਟੈ ਹੋਵੈ ਜਗਿ ਕੀਰਤਿ**
**ਦਰਗਹ ਬੈਸਣੁ ਪਾਈਐ॥**
**ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ**
**ਸੁਖ ਅਨਦ ਸੇਤੀ ਘਰਿ ਜਾਈਐ॥**

(ਗੂਜਰੀ ਮਹਲਾ ੫-੨੨, ਅੰਗ ੫੦੦)

**-ਗੁਰਮੁਖ ਸਿੱਖਿਆ**

✧ ✧ ✧ ✧ ✧

# ਗੁਰੂ ਨਾਨਕ ਬਾਣੀ ਵਿੱਚ ਵਾਤਾਵਰਨਿਕ ਚੇਤਨਾ

## (ਬਾਰਹਮਾਹ ਤੁਖਾਰੀ ਦੇ ਵਿਸ਼ੇਸ਼ ਪ੍ਰਸੰਗ ਵਿੱਚ)

❖ ਮੀਨਾ ਸ਼ਰਮਾ*

ਬਾਰਹਮਾਹ ਪੰਜਾਬੀ ਦਾ ਵਿਸ਼ੇਸ਼ ਕਾਵਿ-ਰੂਪ ਹੈ, ਜਿਸ ਵਿੱਚ ਬਿਕ੍ਰਮੀ ਸੰਮਤ ਦੇ ਬਾਰ੍ਹਾਂ ਮਹੀਨਿਆਂ ਦੇ ਆਧਾਰ ਉੱਤੇ ਕਵੀ ਆਪਣੇ ਮਨੋਭਾਵਾਂ ਨੂੰ ਪ੍ਰਗਟਾਉਂਦਾ ਹੈ। ਬਾਰ੍ਹਾਂ ਮਹੀਨਿਆਂ ਵਿੱਚ ਕਈ ਰੁੱਤਾਂ ਬਦਲਦੀਆਂ ਹਨ ਜੋ ਮਨੁੱਖੀ ਮਨ ਉੱਪਰ ਆਪਣਾ ਪ੍ਰਭਾਵ ਪਾਉਂਦੀਆਂ ਰਹਿੰਦੀਆਂ ਹਨ। ਇਸ ਕਾਵਿ-ਰੂਪ ਵਿੱਚ ਬਿਰਹਾ ਦੇ ਰੰਗ ਨੂੰ ਪ੍ਰਕਿਰਤੀ-ਚਿਤਰਣ ਦੀ ਪਿੱਠਭੂਮੀ ਵਿੱਚ ਪੇਸ਼ ਕਰਕੇ ਜ਼ਿਆਦਾ ਉਘਾੜਿਆ ਗਿਆ ਹੈ।

ਪੰਜਾਬੀ ਸਾਹਿਤ ਵਿੱਚ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਬਾਰਹਮਾਹ ਲਿਖਣ ਦੀ ਆਰੰਭਤਾ ਕੀਤੀ। ਬਾਰਹਮਾਹ ਪੰਜਾਬੀ ਸਾਹਿਤ ਦਾ ਅਜਿਹਾ ਕਾਵਿ-ਰੂਪ ਹੈ ਜਿਸ ਵਿੱਚ ਪ੍ਰਕ੍ਰਿਤਕ ਵਾਯੂਮੰਡਲ ਦੇ ਨਾਲ-ਨਾਲ ਇੱਕ ਜੀਵ-ਇਸਤ੍ਰੀ ਕਿਸ ਤਰ੍ਹਾਂ ਆਪਣੇ ਪਤੀ-ਪਰਮੇਸ਼ਰ ਨੂੰ ਮਿਲਣ ਦੀ ਤੀਬਰ ਇੱਛਾ ਰੱਖਦੀ ਹੈ; ਇਸ ਬਾਬਤ ਦੱਸਿਆ ਗਿਆ ਹੈ। ਸਹਿਜ ਤੌਰ ਤੇ ਬਾਰਹਮਾਹ ਦੇ ਹਰੇਕ ਛੰਤ ਦੀਆਂ ਅਗਲੇਰੀਆਂ ਤੁਕਾਂ ਅੰਦਰ ਕੁਦਰਤੀ ਹਵਾਲਿਆਂ ਦਾ ਜ਼ਿਕਰ ਹੋਇਆ ਮਿਲਦਾ ਹੈ ਅਤੇ ਅੰਤਲੀਆਂ ਸਾਰ ਵਾਲੀਆਂ ਤੁਕਾਂ ਵਿੱਚ ਉਸ ਕੁਦਰਤੀ ਵਰਤਾਰੇ ਸਦਕਾ ਕਾਦਰ ਨੂੰ ਮਿਲਣ ਦਾ ਸੰਕੇਤ ਦਰਜ ਕੀਤਾ ਗਿਆ ਹੁੰਦਾ ਹੈ।

ਪੂਰਬ ਪਰੰਪਰਾ ਮੁਤਾਬਿਕ ਬਾਰਹਮਾਹ ਦਾ ਮੁੱਖ ਮੰਤਵ ਸ਼ਿੰਗਾਰ ਸਿਰਜਣਾ ਸੀ ਪਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਵਿੱਚ ਪ੍ਰਕ੍ਰਿਤਕ ਵਾਤਾਵਰਨ ਅਤੇ ਅਧਿਆਤਮਿਕਤਾ ਦੇ ਸਾਰੇ ਪੱਖਾਂ ਨੂੰ ਉਜਾਗਰ ਕੀਤਾ ਹੈ। ਬਾਰਹਮਾਹ ਤੁਖਾਰੀ ਦਾ ਸਿੱਧਾ ਸੰਬੰਧ ਕੁਦਰਤ ਦੇ ਚਿਤਰਨ ਨਾਲ ਹੈ। ਗੁਰੂ ਸਾਹਿਬ ਨੇ ਸਾਹਿਤਕ ਪੱਖ ਤੋਂ ਕੁਦਰਤ ਦੇ ਨਾਲ ਇਕਮਿਕ ਹੋ ਕੇ ਕਾਵਿ-ਸਿਰਜਣਾ ਕੀਤੀ ਹੈ।

ਮਨੁੱਖੀ ਜੀਵਾਂ ਦਾ ਵਿਕਾਸ ਤਦ ਹੀ ਹੋ ਸਕਦਾ ਹੈ ਜਦੋਂ ਉਹ ਕੁਦਰਤ ਨੂੰ ਸਹਿਜ ਰੂਪ ਵਿੱਚ ਅਪਨਾਵੇ ਅਤੇ ਉਸ ਨੂੰ ਪ੍ਰੇਮ ਕਰੇ। ਜੇਕਰ ਉਹ ਕੁਦਰਤ ਦੀ ਸੰਭਾਲ ਕਰੇ ਤਾਂ ਉਸ ਦੇ ਮਨ ਨੂੰ ਵੀ ਸੀਤਲਤਾ ਅਤੇ ਸਹਿਜ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਭੌਤਿਕ ਵਾਤਾਵਰਨ ਅਤੇ ਮਾਨਸਿਕ ਵਾਤਾਵਰਨ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਜੇਕਰ ਭੌਤਿਕ ਵਾਤਾਵਰਨ ਸੁਖਾਵਾਂ ਹੋਵੇ ਤਾਂ ਮਾਨਸਿਕ ਵਾਤਾਵਰਨ ਵੀ ਖੁਸ਼ਨੁਮਾ ਹੋ ਜਾਂਦਾ ਹੈ।

ਪ੍ਰਸਤੁਤ ਹੈ ਗੁਰੂ ਨਾਨਕ ਪਾਤਸ਼ਾਹ ਦੁਆਰਾ ਰਚਿਤ ਬਾਰਹਮਾਹ ਤੁਖਾਰੀ ਵਿੱਚ ਵਾਤਾਵਰਨਿਕ ਅੰਸ਼:

ਗੁਰੂ ਸਾਹਿਬ ਸੰਦੇਸ਼ ਦਿੰਦੇ ਹਟਨ ਕਿ ਜਿਵੇਂ ਪਪੀਹਾ ਪ੍ਰਿਉ-ਪ੍ਰਿਉ ਦੀ ਰਟ ਲਗਾਈ ਰੱਖਦਾ ਹੈ ਤੇ ਜਿਵੇਂ ਕੋਇਲ ਸੁਰੀਲੀ ਬੋਲੀ ਵਿੱਚ ਕੂ-ਕੂ ਕਰਦੀ ਰਹਿੰਦੀ ਹੈ, ਉਸੇ ਤਰ੍ਹਾਂ ਪ੍ਰਭੂ ਦੇ ਰੰਗ ਵਿੱਚ ਰੰਗੀਜੇ ਹੋਏ ਜਿਗਿਆਸੂ ਪ੍ਰਭੂ ਦੇ ਸ਼ਬਦ ਦੀ ਸਿਫ਼ਤ ਨੂੰ ਹਿਰਦੇ ਵਿੱਚ ਧਾਰਨ ਕਰ ਲੈਂਦੇ ਹਨ:

**ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥**
**ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥** (ਅੰਗ 1107)

ਇੱਥੇ ਪਪੀਹੇ ਅਤੇ ਕੋਇਲ ਦੀ ਬਿਰਹਾ ਭਰਪੂਰ ਹੂਕ ਦੀ ਮਿਸਾਲ ਦੇ ਕੇ ਪ੍ਰਮਾਤਮਾ ਤੋਂ ਵਿਛੜੀ ਹੋਈ ਆਤਮਾ ਦੀ ਬਿਹਬਲਤਾ ਦਾ ਜ਼ਿਕਰ ਕੀਤਾ ਗਿਆ ਹੈ। ਬਿਰਹੋਂ ਦੀ ਕੂਕ ਕਰਕੇ ਪਪੀਹੇ, ਕੋਇਲ ਅਤੇ ਬਿਰਹਨ ਜੀਵ ਇਸਤ੍ਰੀ ਵਿਛੋੜੇ ਦੀ ਪੀੜ ਸਹਿੰਦੇ ਹਨ। ਇਸ ਪ੍ਰਕਾਰ ਉਨ੍ਹਾਂ ਦੇ ਦਰਦ ਦੀ ਸਾਂਝ ਇਸ ਛੰਤ ਵਿੱਚ ਪ੍ਰਤੀਤ ਹੁੰਦੀ ਹੈ। ਬਰਸਾਤ ਦੇ ਸੁਹਾਵਣੇ ਮੌਸਮ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹੋਏ ਗੁਰੂ ਸਾਹਿਬ ਦੱਸਦੇ ਹਨ ਕਿ ਜਿਵੇਂ ਨਿੰਮ੍ਹੀ-ਨਿੰਮ੍ਹੀ ਬੂੰਦਾ-ਬਾਂਦੀ ਅੰਮ੍ਰਿਤ ਦੀ ਧਾਰ ਬਣ ਕੇ ਧਰਤੀ ਦਾ ਕਾਲਜਾ ਸੀਤਲ ਕਰ ਦਿੰਦੀ ਹੈ, ਕਾਲੇ ਬੱਦਲ ਨੀਵੇਂ ਹੋ ਕੇ ਜਿਵੇਂ ਵਰਖਾ ਕਰਨ ਲੱਗਦੇ ਹਨ, ਠੀਕ ਉਵੇਂ ਹੀ ਹਰੀ ਪ੍ਰਭੂ ਦੇ ਪ੍ਰੇਮ ਦੀ ਚੇਟਕ ਲੱਗੇ ਹੋਏ ਹਿਰਦੇ ਆਤਮਿਕ ਠਾਰੀ ਅਤੇ ਅੰਮ੍ਰਿਤ ਰਸ ਨੂੰ ਅਨੁਭਵ ਕਰਦੇ ਹਨ। ਪਹਿਲੇ ਦੇਸੀ ਮਹੀਨੇ ਚੇਤਰ ਦੀ ਸੁਹਾਵਣੀ ਬਸੰਤ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਜਿਸ ਪ੍ਰਕਾਰ ਬਸੰਤ ਦੇ ਮੌਸਮ ਵਿਚ ਬਨਸਪਤੀ ਆਪਣੇ ਪੂਰੇ ਖਿੜਾਓ ਵਿੱਚ ਆ ਜਾਂਦੀ ਹੈ; ਵੇਲ, ਬੂਟੇ, ਫਲ, ਫੁੱਲ, ਫੁੱਲਾਂ ਤੇ ਭਾਉਂਦੇ ਭੌਰੇ ਸੋਹਣੇ ਲੱਗਦੇ ਹਨ, ਕੋਇਲ ਅੰਬ ਦੇ ਬਿਰਛਾਂ ਉੱਤੇ ਬੈਠੀ ਮਨਮੋਹਕ ਬੋਲੀ ਬੋਲਦੀ ਹੈ ਅਤੇ ਇਸ ਪ੍ਰਕਾਰ ਦਿਲ-ਖਿੱਚਵਾਂ ਦ੍ਰਿਸ਼ ਰੂਪਮਾਨ ਹੋ ਜਾਂਦਾ ਹੈ, ਪਰ ਚੇਤਰ ਦੇ ਮੌਸਮ ਦਾ ਆਨੰਦ ਪ੍ਰਭੂ-ਪ੍ਰੀਤਮ ਤੋਂ ਵਿੱਛੜੀ ਹੋਈ ਜੀਵ-ਇਸਤ੍ਰੀ ਨਹੀਂ ਮਾਣ ਸਕਦੀ। ਬਾਰਹਮਾਹ ਸੁਭਾਵਿਕ ਤੌਰ 'ਤੇ ਬਦਲਦੇ ਮੌਸਮ, ਬਦਲਦੀਆਂ ਰੁੱਤਾਂ ਅਤੇ ਉਹਨਾਂ ਅਨੁਸਾਰ ਬਦਲਦੀ ਪ੍ਰਕਿਰਤੀ ਨਾਲ ਸੰਬੰਧਿਤ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਬਾਰਹਮਾਹ ਤੁਖਾਰੀ ਵਿੱਚ ਇਹ ਭਾਵ ਸਿਰਜਿਆ ਹੈ ਕਿ ਬਾਹਰਲਾ ਵਾਤਾਵਰਨ ਤਾਂ ਹੀ ਸੁਹਾਵਾ ਲੱਗਦਾ ਹੈ, ਜੇ ਮਨ ਅੰਦਰ ਖੇੜਾ ਹੋਵੇ ਅਤੇ ਜੇ ਮਨ ਅੰਦਰ ਸੀਤਲਤਾ ਦਾ ਵਾਸ ਹੋਵੇ ਤਾਂ ਬਾਹਰਲੀ ਤਪਸ਼ ਵੀ ਦੁਖਦਾਈ ਪ੍ਰਤੀਤ ਨਹੀਂ ਹੁੰਦੀ:

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥**
**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥** (ਅੰਗ ੧੧੦੭)

ਵਿਸਾਖ ਦੇ ਮਹੀਨੇ ਬਿਰਛਾਂ ਦੀਆਂ ਟਾਹਣੀਆਂ ਉੱਤੇ ਨਵੇਂ-ਨਵੇਂ ਪੱਤੇ ਪੁੰਗਰਦੇ ਹਨ ਅਤੇ ਇੰਞ ਪ੍ਰਤੀਤ ਹੁੰਦਾ ਹੈ ਕਿ ਰੁੱਖਾਂ ਦੀਆਂ ਟਾਹਣੀਆਂ ਨੇ ਹਰੇ-ਭਰੇ ਨਵੇਂ ਕੱਪੜੇ ਪਾ ਕੇ ਸੋਹਣਾ ਸ਼ਿੰਗਾਰ ਕੀਤਾ ਹੋਵੇ। ਸਾਵੀਂ ਬਨਸਪਤੀ ਨੂੰ ਵੇਖ ਬਿਰਹਨ ਜੀਵ ਇਸਤ੍ਰੀ ਆਪਣੇ ਮਾਲਿਕ ਨਾਲ ਮਿਲ ਕੇ ਮੁੜ-ਸੁਰਜੀਤ ਹੋਣ ਦੀ ਲੋਚਾ ਰੱਖਦੀ ਹੈ। ਚੇਤ ਤੇ ਵਿਸਾਖ ਮਗਰੋਂ ਜੇਠ ਦੇ ਗਰਮ ਮਹੀਨੇ ਨੂੰ ਵੀ ਗੁਰੂ ਸਾਹਿਬ ਨੇ ਭਲਾ ਕਹਿ ਕੇ ਵਡਿਆਇਆ ਹੈ, ਕਿਉਂ ਜੋ ਭੱਠੀ ਵਾਂਗ ਥਲ ਨੂੰ ਤਪਾਉਣ ਵਾਲੇ ਇਸ ਮਹੀਨੇ ਵਿੱਚ ਵੀ ਨਿਤਨੇਮੀ ਸਾਧਕ ਸ਼ਾਂਤ-ਸਹਿਜ ਅਵਸਥਾ ਵਿੱਚ ਵਿਚਰਦੇ ਹਨ ਅਤੇ ਉਹਨਾਂ ਤੇ ਤਪਸ਼ ਦਾ ਕੋਈ ਅਸਰ ਨਹੀਂ ਹੁੰਦਾ। ਪ੍ਰਭੂ ਪ੍ਰੇਮ ਤੋਂ ਵਿਛੁੰਨੇ ਹੋਏ ਜੀਵਾਂ ਨੂੰ ਭੱਠੀ ਵਾਂਗ ਭਖਨਾ ਪੈਂਦਾ ਹੈ। ਹਾੜ੍ਹ ਮਹੀਨੇ ਦੀ ਭਾਰੀ ਗਰਮੀ ਨੂੰ ਬਿਆਨ ਕਰਦੇ ਹੋਏ ਗੁਰੂ ਸਾਹਿਬ ਦੱਸਦੇ ਹਨ ਕਿ ਇਸ ਮਹੀਨੇ ਸੂਰਜ ਅਸਮਾਨ ਵਿੱਚ ਤਪਦਾ ਹੈ, ਧਰਤੀ ਸੁੱਕ ਜਾਂਦੀ ਹੈ ਅਤੇ

ਅੱਗ ਵਾਂਗ ਭਖਦੀ ਹੈ। ਸੂਰਜ ਦੀ ਤਪਸ਼ ਧਰਤੀ ਦਾ ਪਾਣੀ ਸੁਕਾ ਦਿੰਦੀ ਹੈ। ਭਾਵੇਂ ਧਰਤੀ ਧੁਖ-ਧੁਖ ਕੇ ਦੁਖ ਸਹਿੰਦੀ ਹੈ ਪਰ ਆਪਣਾ ਕਰਤੱਵ ਨਹੀਂ ਤਿਆਗਦੀ। ਜਿਸ ਤਰ੍ਹਾਂ ਸੂਰਜ ਦੇ ਤਾਪ ਤੋਂ ਬਚਣ ਲਈ ਜੀਵ ਛਾਂ ਲੱਭਦੇ ਹਨ। ਇਸ ਤਰ੍ਹਾਂ ਸੰਸਾਰੀ ਬਿਖਾਂ-ਸੰਤਾਪਾਂ ਤੋਂ ਬਚਣ ਲਈ ਪ੍ਰਭੂ ਦੀ ਕਿਰਪਾ-ਰੂਪੀ ਠੰਢੜੀ ਛਾਂ ਦੀ ਭਾਲ ਕੀਤੀ ਜਾਂਦੀ ਹੈ ਤੇ ਇਹ ਛਾਂ ਪ੍ਰਭੂ ਦੇ ਓਟ-ਆਸਰੇ ਤੋਂ ਬਿਨਾਂ ਸੰਭਵ ਨਹੀਂ ਹੁੰਦੀ:

**ਆਸਾੜੁ ਭਲਾ ਸੂਰਜੁ ਗਗਨਿ ਤਪੈ॥**
**ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥**
**ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥**
**ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥** (ਅੰਗ ੧੧੦੮)

ਸਾਉਣ ਦੇ ਸੁਹਾਵਣੇ ਮੌਸਮ ਵਿੱਚ ਜਦੋਂ ਬੱਦਲ ਵਰ੍ਹਦੇ ਹਨ ਤਾਂ ਧਰਤੀ ਖਿੜ ਜਾਂਦੀ ਹੈ। ਮਾਲਕ ਦੇ ਦਰੋਂ ਦੂਰ ਹੋਈ ਦੁਹਾਗਣ ਸਾਉਣ ਦੇ ਮਹੀਨੇ ਦੀਆਂ ਬਿਜਲੀਆਂ ਦੀ ਚਮਕ ਤੋਂ ਵੀ ਡਰ ਜਾਂਦੀ ਹੈ ਅਤੇ ਬੱਦਲਾਂ ਦੀ ਗਰਜਣਾਂ ਤੋਂ ਵੀ ਡਰ ਜਾਂਦੀ ਹੈ। ਸੁਹਾਗਣ ਇਸਤਰੀ ਸਗੋਂ ਇਸ ਮੌਸਮ ਦਾ ਆਨੰਦ ਮਾਣਦੀ ਹੈ। ਇਸ ਪ੍ਰਕਾਰ ਭਾਦੋਂ ਦੇ ਮਹੀਨੇ ਵਿੱਚ ਜਲ-ਥਲ ਪਾਣੀ ਨਾਲ ਭਰ ਜਾਂਦਾ ਹੈ ਅਤੇ ਰੰਗਾਂ-ਸੁਗੰਧਾਂ ਨਾਲ ਲਬਰੇਜ਼ ਇਸ ਰੁੱਤ ਵਿੱਚ ਡੱਡੂ, ਮੋਰ ਤੇ ਬੀਂਡੇ ਬੋਲਦੇ ਹਨ। ਪਪੀਹੇ ਦੀ ਪ੍ਰਿਉ-ਪ੍ਰਿਉ, ਸੱਪਾਂ ਤੇ ਮੱਛਰਾਂ ਦੇ ਡੰਗ ਬਿਰਹਨ ਨੂੰ ਇਸ ਰੁੱਤ ਦਾ ਸੁੱਖ ਨਹੀਂ ਲੈਣ ਦਿੰਦੇ ਕਿਉਂਕਿ ਉਹ ਇੱਕਲੀ ਹੈ ਅਤੇ ਆਪਣੇ ਮਾਲਕ ਤੋਂ ਦੂਰ ਹੈ। ਦੂਸਰੇ ਮਹੀਨਿਆਂ ਵਾਂਗ ਭਾਦੋਂ ਦੇ ਮਹੀਨੇ ਵਿੱਚ ਇੱਕ ਪਾਸੇ ਤਾਂ ਬਾਹਰਲੀ ਪ੍ਰਕਿਰਤੀ ਦਾ ਵਰਣਨ ਹੈ ਅਤੇ ਦੂਜੇ ਪਾਸੇ ਜੀਵ ਇਸਤਰੀ ਦੀ ਪਤੀ-ਪਰਮੇਸ਼ਰ ਤੋਂ ਜੁਦਾਈ ਦਾ ਦ੍ਰਿਸ਼ ਉਘੜਿਆ ਗਿਆ ਹੈ:

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥**
**ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥** (ਅੰਗ ੧੧੦੮)

ਇਸ ਪ੍ਰਕਾਰ ਅੱਸੂ, ਕੱਤਕ ਅਤੇ ਮੱਘਰ ਮਹੀਨਿਆਂ ਦੇ ਮੌਸਮੀ ਚੱਕਰ ਦਾ ਹਵਾਲਾ ਦਿੰਦੇ ਹੋਏ ਗੁਰੂ ਸਾਹਿਬ ਜੀਵ ਆਤਮਾ ਦੀ ਮਨਫ਼ੀ ਹੋਈ ਅਵਸਥਾ ਦਾ ਟਾਕਰਾ ਭੌਤਿਕ ਵਾਤਾਵਰਨ ਦੇ ਜਿਸਤੀ ਸਰੂਪ ਨਾਲ ਕਰਦੇ ਹਨ ਅਤੇ ਜੀਵਾਂ ਨੂੰ ਵਾਤਾਵਰਨਿਕ ਸੰਤੁਲਨ ਤੋਂ ਸੇਧ ਲੈਂਦੇ ਹੋਏ ਅਸਲੀ ਮਨੋਰਥ ਭਾਵ ਪ੍ਰਭੂ-ਭਗਤੀ ਵੱਲ ਪ੍ਰੇਰਿਤ ਕਰਦੇ ਹਨ। ਪੋਹ ਦੀ ਅਤਿ ਠੰਢੀ ਅਤੇ ਕੋਹਰੇ ਵਾਲੀ ਰੁੱਤ ਵਿੱਚ ਘਾਹ, ਬੂਟੇ ਤੇ ਬਿਰਛ ਸੁੱਕਣ ਲੱਗ ਜਾਂਦੇ ਹਨ। ਕਿਸੇ ਵੀ ਅਤਿ ਗਰਮ ਜਾਂ ਅਤਿ ਠੰਢ ਵਾਲੀ ਰੁੱਤ ਵਿੱਚ ਵੀ ਜੀਵਨ ਦਾ ਆਧਾਰ ਪ੍ਰਮਾਤਮਾ ਦੀ ਦਇਆ ਨਾਲ ਹੀ ਚਲਦਾ ਹੈ। ਚਾਰੇ ਖਾਣੀਆਂ ਵਿੱਚ ਉਪਜਦੇ ਜੀਵਾਂ ਦੇ ਜੀਵਨ-ਚੱਕਰ ਨੂੰ ਕੁਦਰਤ ਹੀ ਸੰਭਾਲਦੀ ਹੈ ਜੋ ਕਿ ਆਪ ਵੀ ਕਾਦਰ ਦੇ ਹੁਕਮ ਵਿੱਚ ਚਲਦੀ ਹੈ:

**ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥**
**ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥**
**ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥**
**ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥** (ਅੰਗ ੧੧੦੯)

ਪੰਜਾਬੀ ਸੱਭਿਆਚਾਰ ਵਿੱਚ ਮਾਘ ਮਹੀਨੇ ਨੂੰ ਵਿਸ਼ੇਸ਼ ਤੌਰ 'ਤੇ ਪੁਨੀਤ ਮੰਨਿਆ ਗਿਆ ਹੈ। ਇਸ ਮਹੀਨੇ ਵਿੱਚ ਦਾਨ-ਪੁੰਨ, ਤੀਰਥ-ਇਸ਼ਨਾਨ ਅਤੇ ਭਗਤੀ ਕਰਨ ਦਾ ਖ਼ਾਸ ਲਾਹਾ ਮੰਨਿਆ ਜਾਂਦਾ ਹੈ ਪਰ ਅਸਲੀ ਤੀਰਥ ਤਾਂ ਉਹ ਹੈ ਜਿੱਥੇ ਇਸ਼ਨਾਨ ਕਰਕੇ ਕੇਵਲ ਤਨ ਦੀ ਹੀ ਨਹੀਂ ਸਗੋਂ ਮਨ ਦੀ ਮੈਲ ਵੀ ਲੱਥ ਜਾਵੇ। ਅਜਿਹਾ ਤੀਰਥ ਤਾਂ ਅਕਾਲ ਪੁਰਖ ਦੀ ਸਹਿਜ ਤੇ ਨਿਰੰਤਰ ਭਗਤੀ ਨਾਲ ਹੀ ਲੱਭ ਸਕਦਾ ਹੈ। ਮਾਘ ਮਹੀਨੇ ਵਿੱਚ ਉਹਨਾਂ ਸਾਧਕਾਂ ਦੇ ਤੀਰਥ ਇਸ਼ਨਾਨ ਸਫ਼ਲ ਹੁੰਦੇ ਹਨ ਜਿਹਨਾਂ ਨੂੰ ਸਿਮਰਨ-ਰੂਪੀ ਬਖ਼ਸ਼ਿਸ਼ ਮਿਲ ਗਈ ਹੋਵੇ। ਫੱਗਣ ਦੇ ਮਹੀਨੇ ਵਿੱਚ ਧਰਤੀ ਜਿਵੇਂ ਪੁਰਾਣੇ ਵੇਸ ਉਤਾਰ ਕੇ ਨਵੇਂ-ਨਵੇਂ ਵੇਸ ਧਾਰਨ ਕਰਨ ਲੱਗ ਜਾਂਦੀ ਹੋਵੇ, ਬਹਾਰ ਫੁੱਲਾਂ 'ਤੇ ਜਿਵੇਂ ਰੰਗਾਂ ਦੀ ਪਿਚਕਾਰੀ ਛਿਟਕ ਜਾਂਦੀ ਹੋਵੇ ਅਤੇ ਫਲ ਜਿਵੇਂ ਰਸਾਂ ਨਾਲ ਭਰਪੂਰ ਹੋ ਜਾਂਦੇ ਹੋਣ। ਸ਼ਿੰਗਾਰੀ ਹੋਈ ਬਨਸਪਤੀ ਅਤੇ ਧਰਤੀ ਸੱਜ-ਵਿਆਹੀ ਲਾੜੀ ਵਾਂਗ ਆਪਣੇ ਪਤੀ ਨੂੰ ਸੋਭਦੀ ਹੈ। ਇੱਥੇ ਗੁਰੂ ਜੀ ਜੀਵਾਂ ਨੂੰ ਪ੍ਰਭੂ ਦੀ ਰਜ਼ਾ ਅਨੁਸਾਰ ਆਪਣੀ ਜੀਵਨ-ਜਾਚ ਨੂੰ ਸੁਚੱਜਾ ਬਣਾਉਣ ਦਾ ਯਤਨ ਕਰਨ ਲਈ ਪ੍ਰੇਰਦੇ ਹਨ। ਗੁਰੂ ਸਾਹਿਬ ਬਾਰਹਮਾਹ ਦਾ ਅੰਤ ਇਸ ਭਾਵ ਨਾਲ ਕਰਦੇ ਹਨ ਕਿ ਬਾਰ੍ਹਾਂ ਮਹੀਨੇ, ਛੇ ਰੁੱਤਾਂ, ਪੰਦਰ੍ਹਾਂ ਤਿੱਥਾਂ, ਸੱਤੇ ਵਾਰ, ਸਾਰੀਆਂ ਘੜੀਆਂ, ਸਾਰੇ ਮਹੂਰਤ, ਸਾਰੇ ਪਲ-ਛਿਣ ਤਾਂ ਹੀ ਸਫਲੇ ਹਨ ਜੇਕਰ ਪ੍ਰਭੂ ਦੀ ਕਿਰਪਾ ਸਦਕਾ ਸਹਿਜ ਅਵਸਥਾ ਪ੍ਰਾਪਤ ਹੋ ਜਾਵੇ:

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥**
**ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥** (ਅੰਗ ੧੧੦੯)

ਬੱਦਲਾਂ ਦਾ ਵਰ੍ਹਣਾ, ਬਿਜਲੀ ਦਾ ਚਮਕਣਾ, ਕੋਇਲ ਤੇ ਪਪੀਹੇ ਦੀ ਹੂਕ, ਭੌਰੇ, ਮੱਛਰ ਤੇ ਬੀਂਡੇ ਆਦਿ ਦੇ ਬਿੰਬ ਸਿਰਜ ਕੇ ਗੁਰੂ ਨਾਨਕ ਪਾਤਸ਼ਾਹ ਨੇ ਕੁਦਰਤ ਦਾ ਪ੍ਰਭੂ ਨਾਲ ਅਨਿੱਖੜ ਨਾਤਾ ਜੋੜਿਆ ਹੈ। ਬਿੰਬ-ਉਸਾਰੀ ਸਮੇਂ ਅਜਿਹਾ ਵਰਣਨ ਕਾਵਿ-ਉਸਾਰੀ ਦੇ ਵਾਤਾਵਰਨ ਵਿੱਚ ਸਥਾਨਕ ਅਤੇ ਕੁਦਰਤੀ ਪ੍ਰਭਾਵ ਪੈਦਾ ਕਰਦਾ ਹੈ।


ਬਾਰਹਮਾਹ ਤੁਖਾਰੀ ਦੀ ਵਿਚਾਰ ਕਰਨ ਉਪਰੰਤ ਇਹ ਗੱਲ ਸਮਝ ਆਉਂਦੀ ਹੈ ਕਿ ਵਾਤਾਵਰਨ ਪ੍ਰਤੀ ਚੇਤਨਾ ਨੂੰ ਲੱਭਣ ਲਈ ਅਤੇ ਭਾਵਨਾਵਾਂ ਦਾ ਸੰਤੁਲਨ ਰੱਖਣ ਲਈ ਕੁਦਰਤ ਦਾ ਸੰਤੁਲਨ ਲਾਜ਼ਮੀ ਹੈ। ਕੁਦਰਤ ਦੇ ਮਹੱਤਵ ਨੂੰ ਸਮਝਾਉਣ ਲਈ ਗੁਰੂ ਸਾਹਿਬਾਨ ਨੇ ਅਧਿਆਤਮਕ ਰਚਨਾਵਾਂ ਵਿੱਚ ਕੁਦਰਤ ਦੇ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਦ੍ਰਿਸ਼ ਉਭਾਰੇ ਹਨ। ਲੋਕ-ਮਨ ਨੂੰ ਅਧਿਆਤਮਕ ਸੇਧਾਂ ਪ੍ਰਦਾਨ ਕਰਨ ਲਈ ਆਪ ਨੇ ਲੋਕ-ਕਾਵਿ ਰੂਪ ਤੇ ਸਭਿਆਚਾਰ ਦਾ ਸੁਮੇਲ ਪ੍ਰਸਤੁਤ ਕੀਤਾ ਹੈ। ਇਸ ਪ੍ਰਕਾਰ ਆਪ ਨੇ ਕੁਦਰਤ ਅਤੇ ਕਾਦਰ ਦੀ ਇਕਮਿਕਤਾ ਨੂੰ ਭਲੀ-ਭਾਂਤ ਪ੍ਰਗਟਾਇਆ ਹੈ। ਕੁਦਰਤ-ਪਿਆਰ ਮਨੁੱਖੀ ਭਾਵਨਾਵਾਂ ਨਾਲ ਸੰਬੰਧਿਤ ਹੈ। ਹਰਿਆਵਲ ਤੇ ਰੁੱਤਾਂ ਦਾ ਆਉਣਾ-ਜਾਣਾ ਇਲਾਹੀ ਰਜ਼ਾ ਵਿੱਚ ਰਾਜ਼ੀ ਰਹਿ ਕੇ ਹੁਕਮ ਮੰਨ੍ਹਣ ਦਾ ਸੰਕੇਤ ਹੈ। ਰੁੱਖ-ਬੂਟੇ, ਫੁੱਲ-ਫਲ, ਭੌਰੇ, ਬੀਂਡੇ, ਤਿੱਤਲੀਆਂ, ਹਵਾ, ਪਾਣੀ, ਜਲ, ਅਗਨ, ਕੋਇਲ, ਪਪੀਹਾ ਤੇ ਸਮਸਤ ਜੀਵ-ਜਗਤ ਅਕਾਲ-ਪੁਰਖ ਦੀ ਅਧਾਰਨਾ ਵਿੱਚ ਲੱਗੇ ਹੋਏ ਆਪਣੇ-ਆਪਣੇ ਕਰਤੱਵ ਨਿਭਾਅ ਰਹੇ ਹਨ। ਗੁਰੂ ਨਾਨਕ ਰਚਿਤ 'ਆਰਤੀ' ਦਾ ਸੰਕਲਪ ਵੀ ਇਹੀ ਦ੍ਰਿੜ੍ਹ ਕਰਵਾਉਂਦਾ ਹੈ ਕਿ ਸਿਰਜਨਹਾਰ ਦੀ ਸਾਜੀ ਸੰਪੂਰਨ ਸ੍ਰਿਸ਼ਟੀ ਪ੍ਰਭੂ ਦੀ ਨਿਰੰਤਰ ਅਰਾਧਨਾ ਕਰ ਰਹੀ ਹੈ। ਇਹ ਉਸ ਮਾਲਕ ਦੀ ਸੰਸਾਰਿਕ ਨਹੀਂ ਸਗੋਂ ਇਲਾਹੀ ਆਰਤੀ ਕਰਦੀ ਹੈ। ਬਾਰਹਮਾਹ ਵਿੱਚ ਪ੍ਰਸਤੁਤ ਕੁਦਰਤੀ ਅੰਸ਼ਾਂ ਦੀ ਪੇਸ਼ਕਾਰੀ ਜਿੱਥੇ ਵਾਤਾਵਰਨ ਨੂੰ ਪਿਆਰਨ ਅਤੇ ਸੰਭਾਲਣ ਲਈ ਚੇਤੰਨ ਕਰਦੀ ਹੈ, ਉੱਥੇ ਕੁਦਰਤ ਦੇ ਨਾਲੋ-ਨਾਲ ਕੁਦਰਤ ਦੇ ਕਰਤਾ ਭਾਵ ਕਾਦਰ ਨੂੰ ਚੇਤੇ ਰੱਖਣ ਦਾ ਸੰਦੇਸ਼ ਵੀ ਪ੍ਰਸਾਰਿਤ ਕਰਦੀ ਹੈ।

*ਲੈਕਚਰਾਰ, ਸਵਾਮੀ ਸਰਵਾਨੰਦ ਗਿਰੀ ਰੀਜਨਲ ਸੈਂਟਰ (ਹੁਸ਼ਿਆਰਪੁਰ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਮੋ: 6239757284

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




**ਡਜੁਸ਼ੋਜ਼ਾ–** ਪਰ ਜੀ ! ਸਾਰੇ ਮਨ ਇਕੋ ਜੇਹੇ ਨਹੀਂ। ਤੁਸੀਂ ਮੈਨੂੰ ਹੀ ਲਓ, ਮੈਂ ਗ੍ਰਿਹਸਤ ਵਿਚ ਨਹੀਂ ਰਹਿ ਸਕਦਾ। ਮੇਰੇ ਵੱਸ ਨਹੀਂ, ਮੈਨੂੰ ਗ੍ਰਿਹਸਤ ਤੋਂ ਸੂਗ ਹੈ। ਮੈਨੂੰ ਅਸਮਾਨੀ ਜੀਵਨ ਪਿਆਰਾ ਹੈ। ਮੈਂ ਤਾਂ ਇਸ ਜਗਤ ਦੇ ਵੱਸਣ ਨੂੰ ਰੱਬ ਦੇ ਦੇਸ਼ ਤੋਂ ਦੇਸ਼-ਨਿਕਾਲਾ ਸਮਝਦਾ ਹਾਂ।

**ਸੰਤ–** ਤੁਸੀਂ ਠੀਕ ਆਖਦੇ ਹੋ, ਸਾਰੇ ਮਨ ਇਕੋ ਜੇਹੇ ਨਹੀਂ, ਮੇਰਾ ਜੀ ਬੀ ਗ੍ਰਿਹਸਤ ਵਿਚ ਨਹੀਂ ਭਿੱਜਾ। ਮੈਨੂੰ ਜਗਤ ਦਾ ਦੁਖ ਦੇਖ ਦੇਖ ਕੇ ਅੱਗ ਲਗ ਉਠਦੀ ਸੀ ਕਿ ਦੁਖ ਕਿਉਂ ਹੈ ਤੇ ਮੈਂ ਇਸ ਦੁਖ ਭਰੇ ਜਗਤ ਵਿਚ ਕਿਉਂ ਹਾਂ ਤੇ ਜਗਤ ਹੈ ਹੀ ਕਿਉਂ ? ਛੁਟਕਾਰਾ ਕਿਵੇਂ ਹੈ ? ਮਾਨੋਂ ਮੈਨੂੰ ਕਿਸੇ ਸੁਖ ਦੀ ਲਾਲਸਾ ਸੀ ਜੋ ਜਗਤ ਦੇ ਸੁਖਾਂ ਵਿਚ ਨਹੀਂ ਸੀ। ਹਾਂ, ਮੈਨੂੰ ਸੁਤੇ ਹੀ ਸਰੀਰਕ ਭੋਗਾਂ ਤੋਂ ਨਫਰਤ ਸੀ। ਮੈਂ ਵਿਦਜਾ ਪਾਈ ਪਰ ਠੰਢ ਨਾ ਪਈ। ਕਈ ਖੇਚਲੇ ਤੱਕੇ, ਕਠਨ ਸਾਧਨ ਕੀਤੇ, ਸਰੀਰ ਕ੍ਰਿਸ਼ ਕੀਤਾ, ਪਰ ਠੰਢ ਨਾ ਪਈ। ਅੰਤ ਮੈਨੂੰ ਸਤਿਸੰਗ ਮਿਲਿਆ, ਇਕ ਪਹੁੰਚ ਵਾਲੇ ਗੁਰਮੁਖ ਮਿਲੇ। ਮੈਨੂੰ ਉਨ੍ਹਾਂ ਨੇ 'ਨਾਮ' ਦੇ ਰਸਤੇ ਪਾਇਆ। ਨਾਮ ਨੇ ਠੰਢ ਪਾਈ।

**ਡਜੁਸ਼ੋਜ਼ਾ–** 'ਨਾਮ' ਕੀਹ ?

**ਸੰਤ–** ਪਰਮੇਸ਼ਰ ਜੀ ਦੀ ਯਾਦ, ਯਾ ਇਉਂ ਸਮਝੋ ਕਿ ਆਪਣੇ ਆਪ ਨੂੰ ਪਰਮੇਸ਼ਰ ਦੀ ਹਜ਼ੂਰੀ ਵਿਚ ਹਰ ਵੇਲੇ ਰਖਣਾ, 'ਨਾਮ' ਨਾਮ ਮਾਤ੍ਰ ਨਾ, ਸੰਗਿਆ ਮਾਤ੍ਰ ਨਾ, ਨਾਮ ਪਦਾਰਥ ਤੇ ਪਦਾਰਥ ਹੀ ਨਾ, ਰਤਨ ਪਦਾਰਥ।

**ਡਜੁਸ਼ੋਜ਼ਾ–** ਪਦਾਰਥ ਕਿਵੇਂ ?

**ਸੰਤ–** ਇਵੇਂ ਹੀ ਮੇਰੇ ਗੁਰੂ ਨਾਨਕ ਨੇ ਆਖਿਆ ਹੈ, ਨਾਮ ਪਦਾਰਥ ਹੈ ਜੋ ਜੀਅ ਦਾ ਆਧਾਰ ਬਣ ਜਾਂਦਾ ਹੈ। ਇਹ ਉਸਦਾ ਰੂਪ ਹੈ ਜੋ ਉਸ ਨਾਲ ਜੋੜੀ ਰਖਦਾ ਹੈ। ਇਹ ਇਕ ਲਗਾਤਾਰੀ ਲਗਾਉ ਹੈ ਜੋ ਅਲੱਗ ਨਹੀਂ ਹੋਣ ਦੇਂਦਾ।

**ਡਜੁਸ਼ੋਜ਼ਾ–** ਇਹ ਹਾਲਤ ਹਰ ਵੇਲੇ ਨਹੀਂ ਰਹਿ ਸਕਦੀ।

**ਸੰਤ–** ਠੀਕ ਹੈ, ਪਰ ਜੇ ਪਰਮੇਸ਼ੁਰ ਦਾ ਨਾਮ ਪਹਿਲੋਂ ਰਸਨਾ ਤੇ ਬਿਠਾ ਲਈਏ ਤਾਂ ਸਰੀਰ ਧਾਰੀ ਹੋਣ ਕਰਕੇ ਅਸੀਂ ਇਹ ਕਰਮ ਸੌਖਾ ਸਿਖ ਲੈਂਦੇ ਹਾਂ। ਰਸਨਾ ਤੋਂ ਇਹ ਨਾਮ ਫੇਰ ਆਪੇ ਮਨ ਵਿਚ ਚਲਾ ਜਾਂਦਾ ਹੈ। ਮਨ ਵਿਚ ਗਿਆ ਇਹ ਰੱਬ ਜੀ ਦੀ ਯਾਦ ਬਣ ਜਾਂਦਾ ਹੈ। ਯਾਦ ਦੇ ਹੁਲਾਰੇ ਹਜ਼ੂਰੀ ਵਿਚ ਵਾਸਾ ਦੇ ਦੇਂਦੇ ਹਨ। ਫੇਰ ਹਜ਼ੂਰੀ ਤੋਂ ਬਾਹਰ ਨਹੀਂ ਆਈਦਾ, ਅੰਤਰ ਆਤਮੇ ਸਦਾ ਮਿਲੇ ਰਹੀਦਾ ਹੈ ਮਾਲਕ ਜੀ ਨਾਲ। ਦੂਜਾ ਫਲ ਇਹ ਹੁੰਦਾ ਹੈ ਕਿ ਹਜ਼ੂਰੀ ਪ੍ਰਤੀਤ ਕਰਨ ਵਾਲਾ ਨਾ ਮਾੜਾ ਕਰਮ ਕਰਦਾ ਹੈ ਨਾ ਵਿਛੁੜਦਾ ਹੈ। ਮੈਂ ਸੁਣੀ ਸੁਣਾਈ ਯਾ ਪੜ੍ਹੀ ਪੜ੍ਹਾਈ ਗੱਲ ਨਹੀਂ ਕਰਦਾ। ਮੈਂ ਤਾਂ ਅਮਲੀ ਤਜਰਬਾ ਦੱਸਦਾ ਹਾਂ। ਮੈਂ ਅਮਲ ਕੀਤਾ, ਮੈਨੂੰ ਹਜ਼ੂਰੀ ਪ੍ਰਾਪਤ ਹੋ ਗਈ, ਮੇਰੀ ਯਾਦ ਮੈਨੂੰ ਸਾਂਈਂ ਵਿਚ ਲਗਾ ਗਈ। ਮਨ ਇਕ ਪਾਸੇ ਅੰਤਰ ਆਤਮੇ ਲੱਗਾ ਰਹੇ, ਦੂਜੇ ਪਾਸੇ ਸਾਧਾਰਨ ਕੰਮ ਸਰੀਰ ਦੇ ਆਪੇ ਹੁੰਦੇ ਰਹਿਣ। ਐਉਂ ਕਰਦਿਆਂ ਕਰਦਿਆਂ ਮੈਨੂੰ ਠੰਢ ਵਰਤ ਗਈ, ਤੇ ਰੱਬ ਜੀ ਦੀ ਹਜ਼ੂਰੀ ਵਿਚ ਵੱਸਣ ਨੇ ਵਾਸ਼ਨਾ ਵੱਸ ਵਿਚ ਕਰ ਦਿੱਤੀਆਂ, ਰੱਬ ਜੀ ਵਿਚ ਕਦੇ ਕਦੇ ਗੁੰਮ ਹੋ ਜਾਣ ਦੇ ਤਜਰਬੇ ਨੇ ਕੋਈ ਸੁਆਦ ਪਾ ਦਿਤਾ ਤਾਂ ਮਨ ਵਿਚ ਇਕ ਦਿਨ ਆਈ ਕਿ ਜਗਤ ਜਲ ਰਿਹਾ ਹੈ ਈਰਖਾ, ਦ੍ਵੈਖ ਦੇ ਸਾੜਿਆਂ ਵਿਚ, ਦੁਖੀ ਹਨ ਸਾਰੇ ਅਗਜਾਨ ਵਿਚ, ਪਸ਼ੂਆਂ ਵਾਂਙੂ ਖਾਂਦੇ ਪੀਂਦੇ ਭੋਗਦੇ ਅਗਜਾਤ ਮਰ ਜਾਂਦੇ ਹਨ। ਹੁਣ ਲੋਕੀਂ ਪੜ੍ਹਦੇ ਵੀ ਹਨ ਅਕਲਾਂ ਸਾਣ ਚਾੜ੍ਹਦੇ ਹਨ। ਅਲੌਕਿਕ ਸ਼ਕਤੀਆਂ ਪੈਦਾ ਕਰਦੇ ਤੇ ਨਵੀਆਂ ਤੋਂ ਨਵੀਆਂ ਕਾਢਾਂ ਕੱਢਦੇ ਹਨ, ਪਰ ਵਰਤਦੇ ਵੈਰ ਭਾਵ ਵਿਚ ਹਨ। ਇਕ ਹੈ ਤਾਂ ਅਪਣੀ ਖ਼ੁਦਗਰਜ਼ੀ ਵਿਚ ਦੂਜੇ ਨੂੰ ਹੁੱਜਾਂ ਮਾਰਦਾ ਤੇ ਅਰਕਾਂ ਚੋਭਦਾ ਹੈ। ਜੇ ਕੌਮਾਂ ਹਨ ਤਾਂ ਇਕ ਦੂਜੇ ਨੂੰ ਮਾਰਨ ਕੁਹਣ ਵਿਚ ਹਨ। ਜਿੰਨੀ ਅਕਲ ਵਿਦਜਾ, ਵਿਗਜਾਨ ਵਧੀ ਹੈ, ਉੱਨਾਂ ਹੀ ਇਨਸਾਨ ਦਾ ਇਨਸਾਨ ਨੂੰ ਤਸੀਹੇ ਦੇਣਾ, ਕਤਲ ਕਰਨਾ, ਲੁੱਟਣਾ ਮਾਰਨਾ, ਬੇਹੁਰਮਤ ਕਰਨਾ ਵਧ ਰਿਹਾ ਹੈ। ਤਾਂ ਮੈਂ ਸੋਚਿਆ ਕਿ ਜੋ ਠੰਢ ਮੈਨੂੰ ਵਰਤੀ ਹੈ, ਇਹ ਮੈਂ ਖ਼ੁਦਗਰਜ਼ੀ ਵਿਚ, ਸੁਆਰਥ ਵਿਚ ਰਤੇ ਪਰ ਦੁਖੀ ਜਗਤ ਨਾਲ ਰਲ ਵਰਤਾਂ, ਕਿਉਂਕਿ ਮੈਨੂੰ ਹੁਣ ਸਾਰੇ ਭਰਾ ਦਿੱਸਦੇ ਹਨ, ਕੋਈ ਓਪਰਾ ਨਹੀਂ ਦਿਸਦਾ, ਮਾੜੇ ਚੰਗੇ ਸਾਰੇ ਆਪਣੇ ਅੰਗ ਭਾਸਦੇ ਹਨ। ਮੇਰੇ ਗੁਰੂ ਨਾਨਕ ਜੀ ਨੇ ਜੇ ਜਪੀਆਂ ਤਪੀਆਂ, ਜੋਗੀਆਂ, ਭਗਤਾਂ, ਸਤੀਆਂ ਦਾਤਿਆਂ, ਹਰ ਪ੍ਰਕਾਰ ਦੇ ਭਲਿਆਂ ਦੀ ਗੇਣਤੀ ਕੀਤੀ ਤਾਂ ਪਾਪੀਆਂ, ਹੱਤਿਆ ਕਰਨ ਵਾਲਿਆਂ, ਕੂੜਿਆਰਾਂ, ਮਲੇਛਾਂ, ਨਿੰਦਕਾਂ ਦੀ ਵੀ ਗੇਣਤੀ ਕੀਤੀ ਤੇ ਫੁਰਮਾਯਾ-"ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥" ਮੈਂ ਸਮਝਿਆ ਮੇਰਾ ਗੁਰੂ ਕਿਸੇ ਤੋਂ ਨਫਰਤ ਨਹੀਂ ਸਿਖਾਲਦਾ। ਜੇ ਭਲਿਆਂ ਦੀ ਗੇਣਤੀ ਦੱਸੀ ਤਾਂ ਉਨ੍ਹਾਂ ਦੇ ਸਤਿਕਾਰ ਲਈ, ਜੇ ਮਾੜਿਆਂ ਦੀ ਦੱਸੀ ਤਾਂ ਉਨ੍ਹਾਂ ਤੋਂ ਸੂਗ ਨਾ ਕਰਨ ਦੀ, ਸਗੋਂ ਮੱਤ ਦਿਤੀ ਉਨ੍ਹਾਂ ਵਿਚ ਨਾਮ ਤੇ ਸਿਫਤ ਸਲਾਹ ਦੇ ਪ੍ਰਚਾਰ ਕਰਨ ਦੀ। ਸੋ ਮੈਨੂੰ ਚਾਉ ਉਮਡ ਪਿਆ ਕਿ ਮੈਂ ਜਗਤ ਵਿਚ ਸ਼ਬਦ ਦਾ ਸੋਹਿਲਾ ਸੁਣਾਵਾਂ ਤੇ ਪਜਾਰ ਦੀ ਵੀਣਾਂ ਵਜਾਵਾਂ। ਪਰ ਫੇਰ ਡਰ ਆਯਾ, ਮੈਂ ਸੋਚਿਆ ਇਡਾ ਵਡਾ ਜਗਤ ! ਮੇਰੀ ਕੋਸ਼ਸ਼ ਕੀ ਫਲ ਲਿਆਵੇਗੀ? ਕਿਸੇ ਖੂਹ ਵਿਚ ਮੁਠ ਸ਼ਕਰ ਦੀ ਕੀਹ ਮਿੱਠਾ ਕਰੂ ? ਮੈਂ ਕਾਸਨੂੰ ਐਵੇਂ ਬਦੀ ਤੇ ਬਦਾਂ ਨਾਲ ਟੱਕਰ ਲਵਾਂ? ਅਪਣੇ ਪੈਰ ਜੁਤੀ ਪਾ ਕੇ ਕੰਡੈਲੇ ਬਨ ਵਿਚੋਂ ਲੰਘ ਜਾਵਾਂ। ਇਨ੍ਹਾਂ ਸੋਚਾਂ ਵਿਚ ਇਕ ਦਿਨ ਮੈਂ ਆਪਣੇ ਪਵਿਤ੍ਰ ਧਰਮ ਪੁਸਤਕ ਵਿਚ ਪੜ੍ਹਿਆ। "ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ" ਕਿ ਹਰ ਸਿਖ ਆਪ ਜਪੈ ਤੇ ਹੋਰਨਾਂ ਨੂੰ ਜਪਾਵੇ। ਐਉਂ ਨਹੀਂ ਕਿਹਾ ਕਿ ਜਾਓ ਨਾਮ ਜਪਾਓ, ਪਰ ਅਤੀ ਪਜਾਰ ਤੇ ਨਿੰਮ੍ਰਤਾ ਵਿਚ ਕਿਹਾ ਕਿ ਜੋ ਆਪ ਜਪੇ ਤੇ ਹੋਰਨਾਂ ਨੂੰ ਜਪਾਵੇ ਮੈਂ ਉਸਦਾ ਐਤਨਾਂ ਮਾਣ ਕਰਾਂ। ਮੈਂ ਸਮਝ ਲਿਆ ਇਹ ਦਾਤੇ ਦਾ ਮਿੱਠਾ ਹੁਕਮ ਹੈ। ਹੁਣ ਮੈਨੂੰ ਸੋਚ ਫੁਰੀ ਕਿ ਮੈਨੂੰ ਕੀਹ, ਕਿ ਫਲ ਕੀ ਹੁੰਦਾ ਹੈ, ਮੈਂ ਹੁਕਮ ਬਜਾ ਲਿਆਵਾਂ, ਫਲ ਪ੍ਰਦਾਤਾ ਉਹ ਆਪ ਹੈ। ਫੇਰ ਵੀਚਾਰ ਫੁਰੀ ਕਿ ਇਹ ਸੇਵਾ ਸਭ ਤੋਂ ਉੱਚੀ ਸੇਵਾ ਹੈ, ਜੋ ਸੇਵਾ ਕਿ ਇਨਸਾਨ

ਨੂੰ ਸ੍ਰੀ ਰਬ ਜੀ ਨਾਲ ਜੋੜਦੀ ਹੈ ਤੇ ਆਪੋ ਵਿਚ ਪਜਾਰ ਸਿਖਾਲਦੀ ਹੈ, ਖ਼ੁਦਗਰਜ਼ੀ ਤੋਂ ਹੋੜਦੀ ਹੈ ਤੇ ਪਰਉਪਕਾਰ ਵਲ ਪ੍ਰੇਰਦੀ ਹੈ, ਜੇ ਇਹ ਗਲ ਜਗਤ ਵਿਚ ਫੈਲ ਜਾਵੇ ਤਾਂ ਜਗਤ-ਪੀੜਾ ਕਿਤਨੀ ਘਟ ਜਾਵੇ। ਪਰ ਫੇਰ ਮੈਨੂੰ ਆਪਨੀ ਨਜੂਨਤਾ ਦਿਸ ਪਵੇ, ਦੇਖਾਂ ਕਿ ਮੇਰਾ ਜਤਨ ਕਿਤਨਾ ਕੁ ਅਸਰ ਪਾ ਸਕਦਾ ਹੈ, ਤਦ ਮੈਂ ਨਿਰਾਸ ਹੋ ਕੇ ਸੋਚਾਂ ਕਿ ਮਨਾਂ ਤੈਨੂੰ ਅੰਮ੍ਰਿਤ ਲੱਭ ਪਿਆ ਹੈ, ਪੀ ਤੇ ਮਸਤੁ ਰਹੁ। ਅੰਮ੍ਰਿਤ ਦੀ ਛਬੀਲ ਨਾ ਲਾ। ਇਹ ਪਤਾਸੇ ਦਾ ਪਾਣੀ ਦੇ ਛੰਨੇ ਵਿਚ ਪੈ ਕੇ ਆਪਾ ਗਾਲਣਾ ਹੈ, ਛੰਨੇ ਨੇ ਮਿੱਠਾ ਨਹੀਂ ਹੋਣਾ।

ਫਿਰ ਇਕ ਦਿਨ ਸੋਚ ਆਈ ਤੈਨੂੰ ਕਿਸੇ ਨਾਮ ਵਿਚ ਲਾਇਆ ਸੀ ਤਾਂ ਤੂੰ ਸੁਖੀ ਹੋਇਆ ਸੈਂ, ਜੇ ਤੇਰੇ ਤਰਲੇ ਤੇ ਗੁਰੂ ਕੀ ਪਾਈ ਬਰਕਤ ਨਾਲ ਇਕ ਹੋਰ ਜੀਵਨ ਵਿਚ ਲਗ ਪਿਆ ਤਾਂ ਕਿੰਨਾਂ ਭਲਾ ਹੋ ਜਾਸੀ। ਇਸ ਤਰ੍ਹਾਂ ਦੀਆਂ ਲਹਾ ਚੜ੍ਹਾ ਦੀਆਂ ਵੀਚਾਰਾਂ ਵਿਚ ਇਕ ਦਿਨ ਫੇਰ ਖਿਆਲ ਆਇਆ ਕਿ ਗੁਰੂ ਦਾ 'ਹੁਕਮ' ਹੈ, ਤਾਂ ਮੈਂ ਹੁਕਮ ਤੇ ਵੀਚਾਰ ਆਰੰਭੀ। ਜਦ ਮੈਨੂੰ ਆਪਣੇ ਗੁਰੂ ਦੀ ਬਾਣੀ ਪੜ੍ਹਕੇ ਹੁਕਮ ਦੀ ਸੋਝੀ ਆ ਗਈ ਕਿ 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ', ਤਾਂ ਮੈਂ ਜਾਤਾ ਤੂੰ ਕੌਣ ਹੈ ਕਰਨ ਕਰਾਉਣ ਵਾਲਾ, ਉਹ ਤਾਂ ਨਾਥ ਆਪ ਕਰਨੇ ਕਰਾਉਣੇ ਵਾਲਾ ਹੈ, ਤੂੰ ਹੁਕਮ ਬਜਾ ਲਿਆ। ਅਰਦਾਸ ਕਰ ਕਿ ਹੁਕਮ ਤੈਥੋਂ ਹੁਕਮ ਪੂਰਾ ਕਰਾਵੇ; ਤਾਂ ਮੇਰੀ ਪਕੜ ਛੁਟ ਗਈ ਤੇ ਮੈਂ ਹੁਕਮ ਸਿਰ ਧਰ ਲਿਆ। ਫਿਰ ਮੈਨੂੰ ਸੋਝੀ ਆਈ ਕਿ ਤੂੰ ਅਤੀਤ ਅਵਸਥਾ ਵਿਚ ਹੀ ਟਿਕਿਆ ਰਹੀਂ, ਜੋ ਤੇਰਾ ਸਾਰਾ ਵਕਤ ਗੁਰੂ ਦੇ ਜਲਾਲ ਦੇ ਅਨੁਭਵ ਵਿਚ ਤੇ ਗੁਰੂ ਦੇ ਜਲਾਲ ਵਿਚ ਦੁਖੀ ਜਗਤ ਨੂੰ ਲਿਆਉਣ ਵਿਚ ਖਰਚ ਹੋਵੇ। ਸੋ ਇਸ ਤਰ੍ਹਾਂ ਮੈਂ ਲਗ ਪਿਆ। ਮੇਰਾ ਕੁਛ ਨਹੀਂ, ਮੇਰਾ ਆਪਾ ਹੋਮ ਹੈ ਗੁਰੂ ਦੇ ਹੁਕਮ ਦੀ ਬਜਾਆਵਰੀ ਵਿਚ।

**ਡਜੁਸ਼ੇਜ਼ਾ**- ਮੈਨੂੰ ਤੁਸਾਂ ਦੇ ਵਾਕ ਸੁਣਕੇ ਠੰਢ ਪਈ ਹੈ, ਪਰ ਇਕ ਗਲ ਪੁੱਛਾਂ ?

**ਸੰਤ**- ਜੀ ਸਦਕੇ ਪੁੱਛੋ।

**ਡਜੁਸ਼ੋਜ਼ਾ**- ਜਦ ਤੁਸੀਂ ਅਤੀਤ ਹੋ ਕੇ ਇਨ੍ਹਾਂ ਬਨਾਂ ਵਿਚ ਆ ਬੈਠੇ ਤਾਂ ਖ਼ੁਦਗਰਜ਼ੀ ਦੀ ਪ੍ਰੇਰਨਾ ਹੇਠ ਆਏ, ਈਰਖਾ ਦ੍ਵੈਖ ਨਾਲ ਸੜ ਰਹੇ ਤੇ ਆਪੇ ਵਿਚ ਮਾਰ ਕੁਟਾਈ ਵਿਚ ਰਚ ਰਹੇ ਜਗਤ ਵਿਚ ਤੁਸਾਂ ਕਿਹੜੇ ਵੇਲੇ ਤਾਣ ਲਾਇਆ? ਚਾਹੋ ਆਪ ਚਾਹੋ ਹੁਕਮ ਦੀ ਪ੍ਰੇਰਨਾ ਵਿਚ। ਤੁਸੀਂ ਤਾਂ ਮੇਰੇ ਵਾਂਙੂ ਹੀ ਅਤੀਤ ਹੋ ਕੇ ਇਕਲਵੰਜੇ ਆ ਬੈਠੇ ਹੋ।

**ਸੰਤ**- ਮੈਂ ਤਾਂ ਹਾਂ ਹੀ ਕੁਛ ਨਹੀਂ, ਤਾਣ ਦੀਬਾਣ ਸਭ ਮੇਰੇ ਗੁਰੂ ਦੇ ਹਨ; ਉਸਦੀ ਆਗਿਆ ਵਿਚ ਮੈਂ ਆਪਨਾ ਸਮਾਂ ਜਗਤ ਵਿਚ ਲਾਉਂਦਾ ਹਾਂ। ਲੋਕਾਂ ਵਿਚ ਨੇਕੀ ਕਰਨ ਦਾ, ਬਾਣੀ ਦਾ, ਨਾਮ ਦਾ, 'ਵਾਹਿਗੁਰੂ ਪ੍ਰੇਮ' ਦਾ ਸ਼ਬਦ ਸੋਹਿਲਾ ਸੁਣਾਉਂਦਾ ਹਾਂ। ਜਦੋਂ ਇਹ ਸੇਵਾ ਕਰਦਿਆਂ, ਸਰੀਰ ਥੱਕ ਜਾਂਦਾ ਹੈ ਯਾ ਮਨ ਹਾਰ ਜਾਂਦਾ ਹੈ, ਯਾ ਅੰਦਰ ਕੁਛ ਮੈਲ ਦਾ ਆਵੇਸ਼ ਪ੍ਰਤੀਤ ਹੁੰਦਾ ਹੈ ਤਾਂ ਮੈਂ ਇਕ ਦਮ ਪਰਵਿਰਤੀ ਵਿਚ ਵਾਸਾ ਛੋੜ ਕੇ ਏਕਾਂਤ ਹੋ ਜਾਂਦਾ ਹਾਂ। ਕਦੇ ਪਹਾੜ, ਕਦੇ ਬਨ, ਕਦੇ ਨਦੀ ਕਿਨਾਰੇ ਕੁਛ ਸਮਾਂ ਏਕਾਂਤ ਆ ਬੈਠਦਾ ਹਾਂ, ਇਉਂ ਮਨ ਵਿਚ, ਸਰੀਰ ਵਿਚ, ਨਵਾਂ ਬਲ ਭਰ ਜਾਂਦਾ ਹੈ ਤਾਂ ਫੇਰ ਉਠਕੇ ਦ੍ਵੈਖਾਂ ਨਾਲ ਭਰੇ ਜਗਤ ਵਿਚ ਜਾ ਬੈਠਦਾ ਹਾਂ ਤੇ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਸੋਹਿਲਾ ਜਾ ਸੁਣਾਉਂਦਾ ਹਾਂ। ਹੁਣ ਬੀ ਇਸੇ ਤਰ੍ਹਾਂ ਆਇਆ ਸਾਂ। ਐਤਕੀ ਬਨ ਵਿਚ ਹੀ ਸੇਵਾ ਮਿਲ ਗਈ। ਫੇਰ ਆਪ ਸਾਹਿਬਾਂ ਦੇ ਦਰਸ਼ਨ ਮੇਲੇ ਹੋ ਗਏ, ਆਪ ਨਾਲ ਬੈਠਕੇ ਅਪਣੇ ਗੁਰੂ ਦੇ ਗੁਣ ਗਾਏ ਹਨ; ਫੇਰ ਏਕਾਂਤ ਬੀ ਪ੍ਰਾਪਤ ਹੈ।

**ਡਜੁਸ਼ੇਜ਼ਾ** (ਖ਼ੁਸ਼ ਹੋ ਕੇ)- ਲਓ ਸੰਤ ਜੀ ਮੇਰੀ ਗਲ ਬੀ ਹੱਲ ਹੋ ਗਈ। ਆਪ ਜੀ ਨੇ ਆਪ ਮੰਨ ਲਿਆ ਕਿ ਸਾਧੂ ਲਈ ਏਕਾਂਤ ਤੇ ਤਪ ਹਠ ਜ਼ਰੂਰੀ ਸ਼ੈ ਹੈ।

**ਸੰਤ**- ਮੈਂ ਤਾਂ ਜਪ, ਤਪ, ਸੰਜਮ, ਜਤ, ਸਤ, ਹਠ, ਇਨ੍ਹਾਂ ਗੁਣਾਂ ਤੋਂ ਕਦੇ ਇਨਕਾਰੀ ਨਹੀਂ; ਗ੍ਰਿਹਸਤੀ ਲਈ ਬੀ ਚੰਗੇ ਹਨ। ਪਰ ਸਾਧੂ ਲਈ ਤਾਂ ਜੜਾਊ ਗਹਿਣੇ ਹਨ। ਸੱਜਣ ਜੀ ! ਗ੍ਰਿਹਸਤੀ ਸਾਧੂ ਕਿਲ੍ਹੇ ਵਿਚ ਬੈਠਾ ਹੈ, ਉਸਨੂੰ ਗੋਲੀ ਗੋਲਾ ਆਵੇ ਤਾਂ ਵਸੇਂ ਵਸੇਂ ਉਸ ਤਕ ਅੱਪੜਦਾ ਨਹੀਂ, ਤੇ ਅਸਾਂ ਅਤੀਤਾਂ ਵਲ ਤਾਂ ਕਿਸੇ ਦੇ ਰੋੜੇ ਦੀ ਫੁੰਡ ਬੀ ਸਿੱਧੀ ਸਾਡੇ ਮੱਥੇ ਨੂੰ ਆਉਂਦੀ ਹੈ। ਅਸੀਂ ਜੇ ਜਪ, ਤਪ, ਸੰਜਮ, ਹਠ ਵਿਚ ਨਿਪੁਨ ਨਾ ਹੋਵਾਂਗੇ ਤਾਂ ਜਗਤ ਨੂੰ ਸਾਂਈਂ ਦੇ ਲੜ ਲਾਉਣਾ ਤਾਂ ਕਿਤੇ ਰਿਹਾ ਆਪ ਹੀ ਮਾਰੇ ਜਾਵਾਂਗੇ।

**ਡਜੁਸ਼ੇਜ਼ਾ**- ਇਨ੍ਹਾਂ ਚੌਹਾਂ ਦੇ ਕੀਹ ਰੂਪ ਸਮਝਦੇ ਹੋ ?

**ਸੰਤ**- 'ਜਪ' ਪਰਮੇਸਰ ਜੀ ਦੇ ਨਾਮ ਦਾ। ਪਹਿਲਾ ਜਪ ਹੈ 'ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ'। ਇਹ ਜਪ ਹਠ ਧਾਰਕੇ ਕਰਨਾ ਜਦ ਤਕ ਕਿ ਇਹ 'ਸਿਮਰਨ' ਨਾ ਬਣ ਜਾਵੇ, ਇਹ ਤਪ ਹੈ। ਇਸ ਸਿਮਰਨ ਨੇ ਵਾਸ਼ਨਾ ਨੂੰ ਕੱਟਣਾ ਹੈ। ਦੂਸਰਾ ਤਪ ਹੈ ਇੰਦ੍ਰਿਆਂ ਨੂੰ ਵੱਸ ਕਰਨਾ। ਵਾਸ਼ਨਾ ਕਟੀਣ ਨਾਲ ਤਾਂ ਇੰਦ੍ਰੇ ਆਪੇ ਵੱਸ ਹੋ ਜਾਣਗੇ ਪਰ ਉਸ ਸਮੇਂ ਦੇ ਆਉਂਦਿਆਂ ਤਕ ਤਾਂ ਇੰਦ੍ਰਿਆਂ ਨੂੰ ਹਠ ਤੇ ਵੀਚਾਰ ਨਾਲ ਵੱਸ ਰਖਣਾ ਹੈ, ਇੰਦ੍ਰੇ ਦਮਨ ਕਰਨਾ ਤਪ ਹੈ। ਮਨ ਜੇ ਮਾੜੇ ਪਾਸੇ ਜਾਏ ਤਾਂ ਹਠ ਕਰਕੇ ਤੇ ਵੀਚਾਰ ਵਰਤ ਵਰਤ ਕੇ ਦੇਹ ਨੂੰ ਰੋਕ ਲੈਣਾ ਇਹ ਹੈ ਤਪ ! ਸਾਧੂ ਲਈ ਪਹਿਲੋਂ ਕੁਛ ਸਮਾਂ ਇਹ ਤਪ ਏਕਾਂਤ ਰਹਿਕੇ ਸਾਧਣਾ ਅਤਿ ਜ਼ਰੂਰੀ ਹੈ। ਨਹੀਂ ਤਾਂ ਗ੍ਰਿਹਸਤੀਆਂ ਵਿਚ ਜਾ ਕੇ ਜਦ ਸ਼ਬਦ ਸੋਹਿਲਾ ਸੁਣਾਏਗਾ ਤਾਂ ਉਨ੍ਹਾਂ ਵਿਚੋਂ ਸਤਿਕਾਰ ਵੀ ਮਿਲੇਗਾ, ਪਿਆਰ ਵੀ ਮਿਲੇਗਾ, ਜੋ ਕਈ ਵੇਰ ਇਸਦੇ ਗਿਰਾਉ ਦਾ ਕਾਰਣ ਬਣ ਜਾਵੇਗਾ। ਜੇ ਇਸਨੇ ਏਕਾਂਤ ਰਹਿਕੇ ਦੇਹ ਨੂੰ ਕਾਬੂ ਕਰਨ ਦੇ ਤਪ ਕੀਤੇ ਹੋਏ ਹਨ ਤਾਂ ਅਜ਼ਮਾਇਸ਼ਾਂ ਦੇ ਸਮੇਂ ਬਚ ਰਿਹਾ ਕਰੇਗਾ। ਮਨ ਜਿੱਤਿਆਂ ਸ਼ਰੀਰ ਜਿੱਤਿਆ ਜਾਣਾ ਹੈ, ਸ਼ਰੀਰ ਦੇ ਜਿੱਤਿਆਂ ਮਾਨੋ ਜਗਤ ਜਿੱਤਿਆ ਜਾਣਾ ਹੈ। 'ਮਨਿ ਜੀਤੈ ਜਗੁ ਜੀਤ' ਮੇਰੇ ਗੁਰੂ ਕਾ ਵਾਕ ਹੈ। ਪਰ ਇਸ ਮਨ ਦੇ ਸਾਧਨ ਦੇ ਨਾਲ ਨਾਲ ਸਰੀਰ ਨੂੰ ਹਠ ਨਾਲ ਵੀ ਕਾਬੂ ਰਖਣਾ ਸਾਧੂ ਦਾ ਧਰਮ ਹੈ। ਫਿਰ ਹੈ 'ਸੰਜਮ', ਉਹ ਹੈ ਆਪਣੀਆਂ ਲੋੜਾਂ ਨੂੰ ਘਟਾਉਣਾ। ਖਾਣ ਪੀਣ, ਪਹਿਰਣ, ਜਦ ਤਕ ਦੇਹ ਰਹਿਣੇ ਹਨ। ਸਾਧੂ ਨੇ ਆਕਾਸ਼ੀ ਬਿਰਤ ਤੇ ਰਹਿਣਾ ਹੈ, ਕਦੇ ਸ਼ੈ ਲੱਭਣੀ ਹੈ ਕਦੇ ਨਹੀਂ, ਇਸ ਲਈ ਦੁੱਖ ਭੁੱਖ ਸਹਿਣ ਦੀ ਤਤਿਖਜਾ ਕਰਨੀ ਪੈਂਦੀ ਹੈ, ਅਰਥਾਤ ਉਸਨੂੰ ਏਕਾਂਤ ਰਹਿਕੇ ਭੁਖ ਤ੍ਰੇਹ ਦੇ ਸਾਧਨ ਪਹਿਲੋਂ ਹੀ ਸਾਧਣੇ ਪੈਣਗੇ। ਗਰਮੀ ਸਰਦੀ ਝੱਲ ਲੈਣ ਦੀ ਜਾਚ ਸਿੱਖਣੀ ਪਵੇਗੀ। ਕਿਉਂਕਿ ਪਤਾ ਨਹੀਂ ਕਿ ਕਿਸ ਵੇਲੇ ਕਿਸ ਦੀ ਲੋੜ ਆ ਪੈਣੀ ਹੈ। ਇਸ ਲਈ ਆਪਣੇ ਖਾਣੇ ਵਿਚ, ਅਪਣੇ ਪਹਿਨਣੇ ਵਿਚ ਸਾਧੂ ਨੂੰ ਅਤਿ ਸੰਜਮ ਦੀ ਲੋੜ ਹੈ। ਅੰਦਰੋਂ ਤਾਂ ਵਾਸ਼ਨਾਯਾਮ ਕਰਨ ਤੇ ਨਾਮ ਦੇ ਸਾਧਨ ਨੇ ਇਸਦੇ 'ਲੋਭ' ਨੂੰ ਕੱਟਣਾ ਹੈ, ਪਰ ਨਾਲ ਹੀ ਬਾਹਰੋਂ ਬੀ ਲੋੜਾਂ ਘਟਾਉਣੀਆਂ ਤੇ ਬਹੁਤ ਥੋੜੇ ਵਿਚ ਨਿਰਬਾਹ ਕਰ ਲੈਣਾ ਤੇ ਥੁੜ ਵੇਲੇ ਸਹਿ ਸਕਣਾ ਇਹ ਯਤਨ ਸੰਜਮ ਹੈ। ਫਿਰ 'ਜਤ' ਹੈ। ਸਭ ਤੋਂ ਵਡਾ ਸਰੀਰ ਦਾ ਰਸ ਹੈ ਬੰਦੇ ਵਿਚ 'ਕਾਮ' ਦਾ ਨਿਵਾਸ। ਸਾਡਾ ਨਾਮ ਦਾ ਸਾਧਨ ਮਨ ਨੂੰ ਰਬ ਜੀ ਦੇ ਪਿਆਰ ਵਿਚ ਲੈ ਜਾਂਦਾ ਹੈ, ਉਸ ਪਿਆਰ ਨੇ ਸਾਡੇ ਹੋਰ ਪਿਆਰ ਆਪਣੇ ਵਿਚ ਹੋਮ ਕਰ ਲੈਣੇ ਹਨ। ਯਾ ਉਸਦੇ ਨਾਮ ਦਾ ਰਸ ਉਸਦੇ ਪਿਆਰ ਦਾ ਸੁਆਦ ਸੰਸਾਰਕ ਰਸਾਂ ਨੂੰ ਭੁਲਾਉਂਦਾ ਹੈ। 'ਉਹ ਰਸੁ ਪੀਆ ਇਹ ਰਸੁ ਨਹੀਂ ਭਾਵਾ' ਇਉਂ ਸਾਡੇ ਵਿਚ ਅਸਲ 'ਜਤ' ਪੈਦਾ ਹੋਣਾ ਹੈ, ਪਰ ਅਸਾਂ ਇਕੱਲਿਆਂ ਜਗਤ ਵਿਚ ਵਿਚਰਨਾ ਹੈ, ਮਾਈ ਭਾਈ ਸਭ ਵਿਚ ਫਿਰਨਾ ਹੈ, ਸਾਡੇ ਸਰੀਰ ਨੂੰ ਸਦਾ ਪਵਿਤ੍ਰਤਾ ਵਿਚ ਵਾਸਾ ਚਾਹੀਏ। ਇਸ ਲਈ ਕੁਛ ਸਮਾਂ ਏਕਾਂਤ ਵਿਚ ਰਹਿਕੇ ਤਪ ਹਠ ਨਾਲ ਸਰੀਰ ਨੂੰ ਜਤੀ ਹੋਣ ਦੇ ਗੁਣ ਵਿਚ ਪਰਪੱਕ ਕਰ ਲੈਣਾ ਬੀ ਸਾਧੂ ਦਾ ਧਰਮ ਹੈ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# Status of Bhagat Bani in Guru Granth Sahib

❖ Dr. Shashi Bala

Guru Granth Sahib, as compiled by Guru Arjan Dev in 1604, incorporates the compositions of six Sikh Gurus, fifteen Bhagats or Saints of medieval period and panegyrics of fifteen Bhatts. The approach of the Holy Scripture is holistic and integrative with emphasis on the dynamic aspect of reality and pragmatic vision to socialise religion by envisaging the sovereign self-identity of man as well as the collective amelioration of social conditions. The present paper is an attempt to study the intimate relationship of the compositions of the Bhagats to the compositions of Gurus from the philosophical perspective.

## Introduction

The Bhagats whose compositions are included in Guru Granth Sahib represent nearly the four centuries of Indian thought from the middle of the twelfth to the middle of the sixteen century A.D. The chronological order of these Bhagats and their different regions are depicted by Pashaura Singh as follows: Sheikh Farid (Pakpattan, Punjab), Jaidev (Birbhum, Bengal), Trilochan (Sholapur, Maharashtra), Sadhna (Sindh), Beni (Tonk, Rajasthan), Ramanand (Prayag, U.P.), Kabir (Benaras, U.P.), Ravidas (Benaras, U.P.), Pipa (Gagraun, M.P.), Sain (Rewa, M.P.), Dhanna (Tonk), Bhikan (Lucknow, U.P.), Parmanand (Sholapur, Maharashtra), Surdas (Oudh, U.P.). These Bhagats were the product of different religious traditions and most of them came out of the lower strata of society. Sheikh Farid was a Muslim, Kabir was a weaver, Jaidev, Trilochan, Surdas and Ramanand were brahmins, Pipa was a raja, Dhanna, a jat or cultivator, Namdev, a calico-printer, Sain, a barber; Sadhna a butcher, Ravidas a cobbler and the caste of Bhikan and Beni is not known.

The criterion for selection of the compositions of Bhagats was *nirguna* religiosity and conformity to the basic tenets of Guru Granth Sahib. The total number of hymns of Bhagats as included in the Holy Scripture are 349 besides the three long compositions of Kabir and 243 slokas of Kabir and 130 slokas of Sheikh Farid, (out of which some of the slokas are of Gurus). The arrangement of hymns in Guru Granth Sahib is not subject-wise but it is in accordance with the ragas. The total number of which is thirty-one and the Bhagat Bani is composed in twenty-two ragas and is placed at the end of each raga section. The hymns, ashtpadis, chhants and vars of the Gurus come first in the order of succession and then the hymns of the Bhagats in the same format, followed by Sahskriti Slokas, Gatha, Punhe and Chaubolas of Guru Arjan and slokas of Kabir and Farid, Savaiyas, slokas of Gurus, Mundavni and Ragmala. To preserve the identity of the compositions of the Bhagats, these have been denominated individually by their names such as Siri Raga Kabir Ji ka, Siri Raga Trilochan ka, Siri Raga Bani Bhagat Beni Ji ki and Raga Asa Bani Bhagatan Ki : Kabir Jiu, Namdev Jiu, Ravidas Jiu. The title of the compositions of the Bhagats reveal and profound spirit of regard towards the bhagats. So it is a misconception to regard the compositions of bhagats as ‘at the lower end of this hierarchy of sanctity’ as is mentioned by Gurinder Singh Mann.

## Acknowledgement of Spiritual attainment of Bhagats by Gurus

The compositions of the Bhagats have not only been incorporated by Guru Arjan Dev in the Holy Scripture, but their spiritual attainment is duly acknowledged by the Gurus in their own hymns. The attainment of the exalted state of enlightenment of Namdev and Kabir is recorded in Siri Raga by Guru Amar Das. Though Namdev was a calico-printer and Kabir, a weaver, yet they realized the Divine word through the perfect preceptor by eliminating their ego and realized the highest state, which cannot be effaced by anyone. The divine recognition of Namdev, Jaidev, Trilochan, Kabir, Ravidas, Dhanna and Sain, is mentioned in Raga Bilawal by Guru Ram Das. Again in Raga Maru, while stressing on the efficacy of Divine Name in the Kaliage, Guru Ram Das narrates how the afflictions of Namdev, Jaidev, Kabir, Trilochan and Ravidas were eliminated and they got redeemed by their true devotion to the Divine Name.

Guru Arjan Dev in Raga Asa Bani Bhagat Dhannaji ki, M. 5., mentions the spiritual exaltation of Namdev, Kabir, Ravidas and Sain, who belonged to lower castes with little recognition in the mundane world, but they got spiritual elevation and recognition by their deep devotion to God, adoption of merits, detachment from worldliness and realizing divine presence within. The spiritual enlightenment of these bhagats inspired Dhanna, a cultivator to engage in devotion, and in this way, he was blessed with divine revelation. Here it is clear that the birth in low caste and meager sources of life are no hindrance in the way of God

and these are immaterial from the spiritual point of view. The elevated persons not only attain the heights of spirituality but they also become beacon light for others. The interrelation of Bhagats with Gurus as well as with other Bhagats is vividly explicit in the acknowledgement of spiritual status of bhagats in their respective hymns. Such as the blessing and spiritual awakening of Namdev and Jaidev is mentioned by Bhagat Kabir, (Kabir Gauri 36, GGS 330; Kabir, Bilawal 7, GGS 856, Kabir, Basant, 2, GGS 1194)

Guru Arjan Dev has not only acknowledged the spiritual enlightenment of these bhagats and their recognition among the saints of God but also explicated the diverse ways through which these bhagats attained Divine Grace. As is stated in Raga Basant M. 5:

*Dhanna served Him with child-like simplicity.*
*Trilochan by contact with the Master success obtained.*
*Beni by the Master was illumination granted.*
*My self! Thou too be God's Servant. (5)*
*Jaidev has egoism discarded.*
*Sain the barber was by serving the Lord saved.*
*Nowhere was the mind of these devotees shaken.*
*My self! Thou too by taking shelter with the Lord shalt be saved (6)*
*Such of the devotees as by the Lord were shown grace were by Him saved-*
*Their merits and demerits He reckoned not.*
*Beholding such state is my mind in the Lord's service engaged. (7)*
*Kabir with constant devotion on Him meditated.*
*Namdev with the Lord abided.*
*Ravidas too on the Incomparable Lord Meditated.*
*Guru Nanak Dev is the very image of the Lord. (8)*

The various ways mentioned in the above stated hymn, such as simplicity of mind, meeting with the divine preceptor, elimination of ego, selfless service, constant meditation and firm devotion are consistent with the teachings of the Gurus. The last line of this hymn is translated in different ways by different scholars. As Prof. G.S. Talib translated as, 'Guru Nanak Dev is the very image of the Lord.' Dr. Gopal Singh translated it as, 'So will I too dwell on Nanak, the Guru, who is the very manifestation of God.' Prof. Sahib Singh translated it as, 'O Nanak, Guru is form (*rup*) of God.' Pashaura Singh points out that, 'a subtle distinction between the unique status of Guru Nanak as embodiment of God and the bhagats as the devotees of God is made and concludes that 'the primacy of the status of the Guru is retained over the status of the bhagats in the Sikh scriptural tradition.' He also narrates the meaning of the terms bhagat and Guru to stress that the bhagat is 'seeker after truth and liberation' and the term Guru 'stands for the voice of Akal Purukh mystically uttered with the human heart, mind and soil.'

However, some scholars on the basis of internal evidence about the distinction between the Guru and bhagat as is found in Guru Granth Sahib, tried to prove the supremacy of Guru to bhagat. There is no denying the fact that the significance of Guru or divine preceptor is highlighted in the Gurbani and Guru is defined as the manifestation of God Himself. The Bhagats, whose compositions have been incorporated in the Guru Granth Sahib, emerged from the different phases of Bhakti movement, which originated in the South and spread to the other parts of India. This Bhakti Movement was a sort of religious revival, in which the utmost stress was laid on the *bhakti-marga*. The common appellation 'bhagat' used for the adherents of this Bhakti Movement indicates the stress on the path of devotion and it does not mean as seeker after truth or mere devotee of God, because the spiritual attainment of these bhagats is duly acknowledged by the Gurus in their own hymns. Nonetheless, this fact of keeping the status of Gurus higher than the bhagats seems not the intention of the compiler and this cosmopolitan spirit is more explicit, when Guru Gobind Singh conferred the status of Guru on Guru Granth Sahib, which incorporates the compositions of Bhagats also. Similarly, no such difference is found in the Sikh liturgical practices such as *vak laina* and recitation of Gurbani in musical measures in the holy congregation.

## Reflections of Gurus on Bhagat Bani

An intimate relationship with Bhagat Bani is established in three ways in the Holy Scripture, Guru Granth Sahib. First, in the reflections of the Gurus on the compositions of the Bhagats as is seen in the slokas of Kabir and Sheikh Farid. The total number of Kabir's slokas is 243, out of which 237 slokas are of Kabir, 1 slok is of Guru Amar Das and 5 slokas are of Guru Arjan Dev. In a similar way, the total number of Sheikh Farid's slokas is 130 out of which 112 slokas are of Sheikh Farid and 18 slokas are of Gurus (4 slokas of Guru Nanak, 5 slokas of Guru Amar Das, 1 slok of Guru Ram Das and 8 slokas of Guru Arjan Dev). Second, in the insertion of slokas of the Bhagats in the compositions of the Gurus as is evident in Gujari ki Var (pp. 509-10), Var Bihagara (p. 555) and in the Var of Ramkali (pp. 947-48). Third, in replacing Guru Arjan Dev's hymns alongwith the compositions of the Bhagats and initiating a dialogue with these Bhagats. This type of inter-dialogue takes place in the compositions of Kabir, Farid, Dhanna and Surdas. Though the insertion of Guru Arjan Dev's hymns in the compositions of the Bhagats is a sort of reflection but it bears the signature of the Bhagat who is commented upon.

The main themes which emerge in the reflections of the Gurus relate not to the conceptual aspect but to the basic attitude towards life and world, time of prayer, age for worship, effect of company, moral purification, renunciation, human efforts and divine grace, dying to live and the integration of action and contemplation. A minute analysis of the responses of the Gurus towards verses of the Bhagats makes this point more clear.

While comparing the door of salvation with the width of the tenth part of sesame seed and the inflated mind to an elephant, Kabir expresses the positive attitude to pass through it by meeting with the Guru. Guru Amar Das endorsed this view of Kabir and elaborates it by holding ego as the cause of mind's rigidity and provides a spiritual prescription of meeting with the Guru who eliminates ego and fills the mind with divine light enabling the soul to get release and to enjoy the state of equanimity.

Similarly, the theme of dying to self or 'living dead' is hinted at by Kabir which is further explicated by Guru Amar Das who suggests that it could be possible by Guru's Grace, abandoning self-centeredness and disciplining the mind through God's fear and curing all maladies through divine love. At another place, Kabir laments that no one knows how to die? And if anyone knows it, he may not die again. Guru Amar Das's response is a sort of recommendation that dying to self takes place in constant remembrance of God through Guru's grace and such death means eternal living.

In another verse, Kabir stresses on personal efforts to obtain divine favour and resents his incapability to attain divine favour despite of his hard penances. He employs the analogy of henna and says, 'my effort was like the henna's' but he is contradicted by Guru Amar Das who says, 'Be thou like the henna, but wait (patiently) for the Grace of God.' Here the emphasis is on the Divine Will in accordance with which one can attain Divine love. The need is to surrender with spirit of equanimity. Again when Kabir says, 'Why should we propose and make schemes when our efforts prove futile before God's schemes'. Guru Amar Das responds that God Himself puts care in man and Himself makes man free of care.' The main point is that God Himself is Doer of all actions and He Himself inspires man to do. Man must transcend his narrow self-centeredness to gain divine favour.

This theme of divine grace is also stressed by Guru Nanak in commenting on Sheikh Farid's verse. Sheikh Farid states that morning time is best time for prayer and those who manage to awake in the morning for prayer, are blessed by God. Guru Nanak's comment reveals that the blessing of God, cannot be claimed as a matter of right, through personal efforts but it comes on its own accord or spontaneously, If God Wills, He may bless some shaking them out of their slumber. The early morning as the time for prayer is also stated in slok 107, where Farid opines that those who don't arise in the early morning are like dead while living. Guru Arjan Dev explains the merit of early morning prayer in the following four verses (slok 108 to slok 111) and comments in the last slok as :

*Farid! Our hearts in the world are dyed that is worthless;*
*Hard is the way of life of God's devotees,*
*That by supreme good fortunate may be attained.*

Here it is clearly stated that awaking early morning is not sufficient, if one's mind remains indulged in worldly things. But this type of detachment amid worldly living is possible only through divine grace.

In Guru Granth Sahib, the divine grace is not bound within the limits of time and space. Sheikh Farid in Slok 12, insists on the specific time of man's life i.e. period of young age, for praying to God. He observes that those who do not love God in youth, rarely do so in old age. In slok 13, Guru Amar Das responds to the above view of Farid by stressing on the point of divine grace. The period of youth and of old age are immaterial for worshipping God, because the devotion of God comes not by man's own personal efforts or by mere wish but this divine love is conferred on man due to divine grace.

Guru Granth Sahib repudiates the rigorous penances and ascetic practices and stress on the balanced way of life which means moderate living in spirit of detachment. Sheikh Farid's sloke, at certain places, give reflection of his adherence to ascetic practices. As in slok 119, Sheikh Farid expresses his intense desire to meet God and to fulfil this desire, he is ready to undergo strenuous penances like burning his body in furnace and burning his bones as fuel or walking on his head if his feet tire. This view is commented upon by Guru Nanak Dev in slok 120, by stating that one need not torture the poor limbs of the body by these hard penances, because the need is to visualise God within one's own self. This viewpoint is further elaborated by Guru Ram Das in slok 121 which holds that God resides within but is inaccessible and can be approached or recognised through the divine preceptor.

Prof. Sahib Singh observes that if we relate slok 119 with slok 125, then the position of Sheikh Farid becomes apparent. Sheikh Farid compares the human body, caught among waves of desire, with the solitary bird, sitting on the edge of a lake with numerous snares around it and holds that it can be saved by divine grace. He asks what words to utter, what qualities to acquire, what rich jewels of speech to master, what wears to

adopt to win the Divine love? In the next four slokas (slokas 127-130), the stress is given on the cultivation of moral virtues. The essential prerequisite is humility, forgiveness and sweet speech. The other qualities to be adopted are innocence even when wise, powerless even though blessed with power, sharing with others even though slender store, speaking no harsh words and breaking no heart. Similarly, in slok 103, Sheikh Farid's view of 'tearing of silken robes' and assuming coarse woollen wear' gives an indication to the life of renunciation, which is corrected in slok 104 by Guru Amar Das who emphasised on the inner purity as the supreme virtue to meet God, which can be attained by living a life of householder. This point of inner purity is further elaborated by Guru Arjan Dev in slok 105 which suggests the way to purity by shedding pride of beauty, riches and worldly greatness.

However, the response of Gurus to the Bhagats Bani aimed at stressing the basic precepts of Guru Granth Sahib viz., *nam japna, kirat karni* and *vand chhakana*. This is possible only by living detached amidst worldly life. Wherever Sheikh Farid present a gloomy view of life that the world is gripped by sufferings, Guru Arjan Dev modifies it by stressing on the delightful aspect of life, which can be visualised and attained, if one loves God. Again the emphasis is on *nam-simran* as well as performance of routine duties. The inter-dialogue of Bhagats makes this theme more explicit. In Kabir's hymns, it appears sometimes that Kabir left his profession of weaving, as his mother laments and Kabir's reply that 'so long as I pass that thread through the shuttle, so long do I forget my loved Lord, Who is refuge of mine and my children. Trilochan's reply to Bhagat Namdev in Guru Arjan Dev's verse indicates 'with the tongue utter the Name of the Lord and work with hands and feet but cherish thy God, detached in heart.'

To conclude, we can say that the underlying spirit of these reflections of the Gurus on the compositions of the Bhagats is to elucidate, to expatiate, to comment and to contradict the point in order to bring these compositions in conformity to the basic spirit of Guru Granth Sahib which enunciates the monotheistic aspect of the Ultimate Reality and vehemently condemns the outward formalism to emphasize the inward religiosity. However, the inclusion of the compositions of the Bhagats, the acknowledgement of their spiritual status and the preservation of their individual identity provide an ecumenical outlook to Guru Granth Sahib and is also indicative of its catholic and cosmopolitan spirit.

Courtesy : *Inner Dynamics of Guru Granth Sahib*

✧ ✧ ✧ ✧ ✧

## ਇਟਲੀ ਦੀਆਂ ਨਗਰ ਨਿਗਮ ਚੋਣਾਂ 'ਚ ਕਮਲਜੀਤ ਸਿੰਘ ਦੀ ਇਤਿਹਾਸਕ ਜਿੱਤ



ਪੰਜਾਬੀ ਨੌਜਵਾਨ ਕਮਲਜੀਤ ਸਿੰਘ ਕਮਲ ਨੇ ਇਟਲੀ ਦੀਆਂ ਨਗਰ ਨਿਗਮ ਚੋਣਾਂ ਵਿਚ ਜਿੱਤ ਹਾਸਲ ਕੀਤੀ ਹੈ। ਉਹ ਇਟਲੀ ਦੀ ਸਿਆਸਤ 'ਚ ਦਾਖ਼ਲ ਹੋ ਕੇ ਨਗਰ ਨਿਗਮ ਚੋਣਾਂ ਜਿੱਤਣ ਵਾਲਾ ਪਹਿਲਾ ਪੰਜਾਬੀ ਬਣ ਗਿਆ ਹੈ। ਕਮਲਜੀਤ ਦੀ ਜਿੱਤ ਤੇ ਇਟਲੀ ਦੇ ਸਮੂਹ ਭਾਰਤੀ ਤੇ ਪੰਜਾਬੀ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਹੈ। ਨਗਰ ਨਿਗਮ ਚੋਣਾਂ ਵਿਚ ਕਮਲਜੀਤ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ ਹੈ। ਕਮਲਜੀਤ ਸਿੰਘ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਕਸਬੇ ਭੋਗਪੁਰ ਦੇ ਪਿੰਡ ਗੀਗਨਵਾਲ ਨਾਲ ਸੰਬੰਧਤ ਹੈ। ਉਸ ਆਪਣੀ ਜਿੱਤ ਤੇ ਭਾਰਤੀ ਤੇ ਪੰਜਾਬੀ ਭਾਈਚਾਰੇ ਦਾ ਹਾਰਦਿਕ ਧੰਨਵਾਦ ਕਰਦਿਆਂ ਕਿਹਾ ਕਿ ਉਹ ਲੋਕਾਂ ਦੀ ਚੋਣ ਤੇ ਖ਼ਰਾ ਉਤਰੇਗਾ।

## ਚਰਨਜੀਤ ਸਿੰਘ ਨੂੰ 'ਪੁਆਇੰਟ ਆਫ਼ ਲਾਈਟ' ਖ਼ਿਤਾਬ

ਕਰੋਨਾ ਮਹਾਂਮਾਰੀ ਦੀ ਔਖੀ ਘੜੀ ਦੌਰਾਨ ਲੋਕਾਂ ਦੀ ਸੇਵਾ ਕਰਨ ਵਾਲੇ ਗਲਾਸਗੋ ਦੇ ਰਹਿਣ ਵਾਲੇ ਸਿੱਖ ਨੌਜਵਾਨ ਚਰਨਜੀਤ ਸਿੰਘ ਨੂੰ ਬਰਤਾਨੀਆ ਸਰਕਾਰ ਨੇ 'ਪੁਆਇੰਟ ਆਫ਼ ਲਾਈਟ' ਖ਼ਿਤਾਬ ਨਾਲ ਨਿਵਾਜਿਆ ਹੈ। ਬਰਤਾਨੀਆ ਸਰਕਾਰ ਵੱਲੋਂ ਇਹ ਖ਼ਿਤਾਬ ਸਮਾਜ ਸੇਵਾ 'ਚ ਵਿਲੱਖਣ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ। ਚਰਨਜੀਤ ਸਿੰਘ ਨੇ ਇਸ ਸੇਵਾ ਲਈ 'ਸਿੱਖ ਫੂਡ ਬੈਂਕ' ਨਾਂ ਦੀ ਸੰਸਥਾ ਬਣਾਈ ਅਤੇ 50 ਦੇ ਕਰੀਬ ਸਾਥੀਆਂ ਨਾਲ ਮਿਲ ਕੇ ਮਾਰਚ ਮਹੀਨੇ ਤੋਂ ਸਕਾਟਲੈਂਡ 'ਚ ਕਰੋਨਾ ਦੀ ਸ਼ੁਰੂਆਤ ਤੋਂ ਲੈ ਕੇ ਤਾਲਾਬੰਦੀ ਦੌਰਾਨ 80 ਹਜ਼ਾਰ ਲੋਕਾਂ ਨੂੰ ਖਾਣਾ ਪ੍ਰਦਾਨ ਕੀਤਾ। ਚਰਨਜੀਤ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸੰਕਟ ਦੀ ਘੜੀ 'ਚ ਮਨੁੱਖਤਾ ਦੀ ਕੀਤੀ ਇਹ ਸੇਵਾ ਦੇ ਲਈ ਹੀ ਬਰਤਾਨੀਆ ਸਰਕਾਰ ਵੱਲੋਂ ਉਨ੍ਹਾਂ ਨੂੰ ਖ਼ਿਤਾਬ ਨਾਲ ਨਿਵਾਜਿਆ ਗਿਆ ਹੈ।

## ਭਾਈ ਲਾਲੋ ਦਾ ਜਨਮ-ਦਿਵਸ ਮਨਾਇਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤਾਂ ਅਤੇ ਗੁਰਸਿੱਖਾਂ ਦੇ ਜਨਮ-ਦਿਹਾੜੇ ਮਨਾਉਣ ਦੀ ਪਿਰਤ ਹੇਠ 24 ਸਤੰਬਰ ਨੂੰ ਕਿਰਤੀ ਸਿੱਖ ਭਾਈ ਲਾਲੋ ਦਾ ਜਨਮ-ਦਿਹਾੜਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮਨਾਇਆ ਗਿਆ। ਇਸ ਮੌਕੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਕੀਰਤ ਸਿੰਘ ਦੇ ਜਥੇ ਨੇ ਮਨੋਹਰ ਗੁਰਬਾਣੀ ਕੀਰਤਨ ਕੀਤਾ ਅਤੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਗੁਰਮਤਿ ਵਿਚਾਰਾਂ ਸਾਂਝੀਆ ਕੀਤੀਆਂ। ਉਨ੍ਹਾਂ ਭਾਈ ਲਾਲੋ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਗੁਰੂ ਨਾਨਕ ਸਾਹਿਬ ਉਦਾਸੀਆਂ ਦੌਰਾਨ ਕਈ ਵਾਰ ਆ ਕੇ ਇੱਥੇ ਠਹਿਰੇ ਤੇ ਭਾਈ ਲਾਲੋ ਦਾ ਟਿਕਾਣਾ ਉਸ ਇਲਾਕੇ 'ਚ ਸਿੱਖੀ ਜੀਵਨ-ਜਾਚ ਦਾ ਕੇਂਦਰ ਬਣ ਗਿਆ। ਭਾਈ ਲਾਲੋ ਦੇ ਜੀਵਨ ਤੋਂ ਸਾਨੂੰ ਕਿਰਤ ਕਰਦਿਆਂ ਨਾਮ ਜਪਣ ਦੀ ਪ੍ਰੇਰਨਾ ਮਿਲਦੀ ਹੈ ਤੇ ਨਾਲ ਸਾਧੂ-ਸੰਤਾਂ-ਗੁਰਮੁਖਾਂ ਦੀ ਸੇਵਾ ਕਰਨ ਦਾ ਵੱਲ ਵੀ ਆਉਂਦਾ ਹੈ। ਉਸ ਵੇਲੇ ਗੁਰੂ ਨਾਨਕ ਸਾਹਿਬ ਦਾ ਭਾਈ ਲਾਲੋ ਦੇ ਘਰ ਠਹਿਰਨਾ ਜਾਤ ਅਭਿਮਾਨੀਆਂ ਲਈ ਇਕ ਵੱਡੀ ਚੋਟ ਸੀ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੩, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੭੯}

ਵਡਹੰਸੁ ਮਹਲਾ ੫, ਚਉਪਦਾ ੮-੨੩

| ਮੂਲ | ਅਰਥ |
| --- | --- |
| ਵਡਹੰਸੁ ਮ: ੫॥ ਤੂੰ ਜਾਣਾਇਹਿ ਤਾ ਕੋਈ ਜਾਣੈ॥ ਤੇਰਾ ਦੀਆ ਨਾਮੁ ਵਖਾਣੈ॥੧॥ | (ਜੇ) ਤੂੰ (ਆਪਣਾ ਆਪ) ਕਿਸੇ ਨੂੰ ਬੁਝਾਵੇਂ ਤਾਂ (ਉਹ) ਬੁੱਝ ਲਏਗਾ, (ਜੇ ਕਹੋ ਨਾਮ ਨਾਲ ਤੂੰ ਜਾਣੀਏਂਗਾ ਤਾਂ) ਤੇਰਾ ਹੀ ਬਖ਼ਸ਼ਿਆ ਨਾਮ (ਕੋਈ) ਉਚਾਰੇਗਾ॥੧॥ |
| ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥੧॥ਰਹਾਉ॥ | ਤੂੰ (ਆਪ) ਅਸਚਰਜ (ਰੂਪ) ਹੈਂ ਤੇ ਤੇਰੀ ਕੁਦਰਤ ਬਿਸਮਾਦ (ਲਾ ਦੇਣ ਵਾਲੀ) ਹੈ॥੧॥ਰਹਾਉ॥ |
| ਤੁਧੁ ਆਪੇ ਕਾਰਣੁ ਆਪੇ ਕਰਣਾ॥ ਹੁਕਮੇ ਜੰਮਣੁ ਹੁਕਮੇ ਮਰਣਾ॥੨॥ | (ਇਸ ਲਈ) ਤੂੰ ਆਪ ਹੀ (ਹਰ ਗੱਲ ਦਾ) ਕਾਰਨ ਹੈਂ, ਆਪ ਹੀ (ਉਸ ਦਾ) ਕਾਰਜ (ਫਲ) ਹੈਂ। (ਤੇਰੇ) ਹੁਕਮ ਵਿਚ ਹੀ ਜੰਮਣਾ ਹੈ ਤੇ ਹੁਕਮ ਵਿਚ ਹੀ ਮਰਨਾ ਹੈ॥੨॥ |
| ਨਾਮੁ ਤੇਰਾ ਮਨ ਤਨ ਆਧਾਰੀ॥ ਨਾਨਕ ਦਾਸੁ ਬਖਸੀਸ ਤੁਮਾਰੀ॥੩॥੮॥ | ਤੇਰਾ ਨਾਮ ਹੀ (ਮੇਰੇ) ਮਨ ਤੇ ਤਨ ਦਾ ਆਸਰਾ ਹੈ, (ਇਹ ਨਾਮ ਬੀ) ਤੁਹਾਡੀ ਹੀ ਬਖ਼ਸ਼ਿਸ਼ ਹੈ, (ਬਿਨੈ ਕਰਦਾ ਹੈ) ਦਾਸ ਨਾਨਕ॥੩॥੮॥ |

# ਕਰਤਾਰਪੁਰ ਸਾਹਿਬ ’ਚ ਬਾਬੇ ਨਾਨਕ ਦਾ ਜੋਤੀ ਜੋਤਿ ਦਿਹਾੜਾ ਮਨਾਇਆ

ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਸਮਾਉਣ ਦਾ ਦਿਵਸ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਤਿੰਨ ਦਿਨ ਚੱਲੇ ਇਸ ਪ੍ਰੋਗਰਾਮ ਦਾ ਆਯੋਜਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਔਕਾਫ਼ ਬੋਰਡ ਦੀ ਮਦਦ ਨਾਲ ਕੀਤਾ ਗਿਆ। ਇਸ ਸੰਬੰਧ ’ਚ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਮਨੋਹਰ ਕੀਰਤਨ ਹੋਇਆ। ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ-ਕੀਰਤਨ ਸਰਹੱਦ ਪੁੱਜਾ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਸ ਰੂਪੀ ਪਾਲਕੀ ’ਚ ਸੁਸ਼ੋਭਿਤ ਕੀਤਾ ਗਿਆ ਜਿਸ ਦੇ ਅੱਗੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਵਾਰ ਸਨ। ਸੰਗਤਾਂ ਬੱਸਾਂ ’ਚ ਸਵਾਰ ਹੋ ਕੇ ਨਗਰ-ਕੀਰਤਨ ਦੇ ਨਾਲ ਹੀ ਸਰਹੱਦ ਪੁੱਜੀਆਂ। ਇੱਥੇ ਸਭਨਾਂ ਖੜ ਕੇ ਸਰਹੱਦ ਪਾਰ ‘ਗੁਰਦੁਆਰਾ ਡੇਰਾ ਬਾਬਾ ਨਾਨਕ’ ਨੂੰ ਨਮਸਕਾਰ ਕੀਤਾ ਅਤੇ ਵਾਪਸ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਰਵਾਨਾ ਹੋ ਗਏ। ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਨਗਰ-ਕੀਰਤਨ ਦੇ ਜਦ ਸਰਹੱਦ ਵਲ ਆਉਣ ਦਾ ਇੱਧਰ ਦੀ ਸੰਗਤ ਨੂੰ ਪਤਾ ਲੱਗਾ ਤਾਂ ਉਹਨਾਂ ਵੀ ਕੀਰਤਨ ਕਰਦਿਆਂ ਸਰਹੱਦ



ਵਲ ਚਾਲੇ ਪਾ ਦਿੱਤੇ। ਸੰਗਤਾਂ ਨੇ ਸਰਹੱਦ ਜ਼ੀਰੋ ਲਾਈਨ ਤੇ ਧੁੱਸੀ ਬੰਨ੍ਹ ਤੇ ਖੜ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਸਰਹੱਦ ਦੇ ਦੋਵੇਂ ਪਾਸੇ ਸੰਗਤਾਂ ਦਾ ਇਹ ਨਜ਼ਾਰਾ ਮਿਲਾਪ ਅਤੇ ਵਿੱਥ ਦਾ ਇਕ ਭਾਵਪੂਰਤ ਦ੍ਰਿਸ਼ ਪੇਸ਼ ਕਰ ਰਿਹਾ ਸੀ। ✧✧

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਪ੍ਰੋ. ਇਰਾਕੀ ਵੱਲੋਂ ਸੰਤ ਅਤੇ ਸੂਫ਼ੀ ਪਰੰਪਰਾ ਦੀ ਆਪਸੀ ਸਾਂਝ ਤੇ ਆਨਲਾਈਨ ਲੈਕਚਰ

ਨਵੀਂ ਦਿੱਲੀ, 25 ਸਤੰਬਰ, 2020 : ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਆਯੋਜਿਤ ਮਹੀਨਾਵਾਰ ਲੈਕਚਰ-ਲੜੀ ਦੇ ਅੰਤਰਗਤ ਇਸ ਵਾਰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਪ੍ਰੋ. ਸ਼ਹਾਬੂਦੀਨ ਇਰਾਕੀ ਨੇ *Interaction Between the Sant and the Sufi Tradition* ਤੇ ਲੈਕਚਰ ਦਿੱਤਾ। ਇਸਦੀ ਪ੍ਰਧਾਨਗੀ ਜੇ.ਐਨ.ਯੂ. ਤੋਂ ਪ੍ਰੋਫ਼ੈਸਰ ਇਮੈਰੀਟਸ ਹਰਜੀਤ ਸਿੰਘ ਗਿੱਲ ਨੇ ਕੀਤੀ ਅਤੇ ਦਿੱਲੀ ਯੂਨੀਵਰਸਿਟੀ ਤੋਂ ਪ੍ਰੋ. ਰਵੇਲ ਸਿੰਘ ਨੇ ਇਸਦਾ ਸੰਚਾਲਨ ਕੀਤਾ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਸਦਨ ਦੀਆਂ ਪਿਛਲੇ ਵਰ੍ਹੇ ਤੋਂ ਚਲ ਰਹੀਆਂ ਲੜੀਵਾਰ ਗਤੀਵਿਧੀਆਂ ਤੇ ਚਾਨਣਾ ਪਾਇਆ। ਉਪਰੰਤ ਮੁੱਖ ਵਕਤਾ ਪ੍ਰੋ. ਸ਼ਹਾਬੂਦੀਨ ਇਰਾਕੀ ਨੇ ਸੰਤ-ਸੂਫ਼ੀ ਪਰੰਪਰਾ ਉਪਰ ਗੱਲ ਕਰਦਿਆਂ ਇਹਨਾਂ ਦੀ ਆਪਸੀ ਸਾਂਝ ਨੂੰ ਭਾਸ਼ਾ, ਪ੍ਰਤੀਕਾਂ, ਰੂਪਾਕਾਰਾਂ, ਸੰਕਲਪਾਂ ਆਦਿ ਪੱਧਰ ਤੇ ਪਛਾਨਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਅਨੁਸਾਰ ਦੋਵੇਂ ਪਰੰਪਰਾਵਾਂ ਆਪਣੀਆਂ ਰੂੜ੍ਹੀਵਾਦੀ ਧਰਮ ਪ੍ਰਣਾਲੀਆਂ ਤੋਂ ਪਾਰ ਜਾ ਕੇ ਉਸਦਾ ਉਦਾਰਵਾਦੀ ਪ੍ਰਗਟਾਅ ਕਰਦੀਆਂ ਹਨ। ਨਤੀਜੇ ਵਜੋਂ ਧਰਮ ਦਾ ਅਧਿਆਤਮਕ, ਲੋਕ ਹਿਤਕਾਰੀ ਅਤੇ ਸੰਪਰਦਾਇ-ਨਿਰਪੇਖ ਪੱਖ ਸਾਹਮਣੇ ਆਉਂਦਾ ਹੈ ਅਤੇ ਇਹੀ ਉਹ ਪੱਖ ਹੈ ਜਿਸ ਆਸਰੇ ਦੋਵੇਂ ਪਰੰਪਰਾਵਾਂ ਦੀ ਆਪਸੀ ਸਾਂਝ ਉਜਾਗਰ ਹੁੰਦੀ ਹੈ। ਸੂਫ਼ੀ ਤੇ ਸੰਤ ਕਵੀ ਆਪਣੇ





ਅਨੁਭਵ ਦੇ ਪ੍ਰਗਟਾਅ ਲਈ ਭਾਰਤੀ ਪਰੰਪਰਾ ਤੇ ਸਭਿਆਚਾਰ 'ਚੋਂ ਪ੍ਰਤੀਕ, ਬਿੰਬ ਲੈਂਦੇ ਹਨ ਤੇ ਉਸ ਨੂੰ ਲੋਕਾਂ ਦੀ ਭਾਸ਼ਾ 'ਚ ਪ੍ਰਗਟਾਉਂਦੇ ਹਨ। ਉਹਨਾਂ ਦੀ ਇਸ ਪ੍ਰਗਟਾਓ ਯੋਗਤਾ ਅਤੇ ਸੰਗੀਤ ਤੇ ਕਾਵਿਕਤਾ ਨਾਲ ਸਾਂਝ ਨੇ ਹੀ ਦੋਵਾਂ ਨੂੰ ਰੂੜੀਵਾਦੀ ਧਾਰਮਿਕਾਂ ਤੇ ਧਾਰਮਿਕਤਾ ਤੋਂ ਪਾਰ ਲਿਜਾ ਕੇ ਲੋਕਾਂ 'ਚ ਮਕਬੂਲ ਬਣਾਇਆ। ਆਪਣੇ ਵਿਆਖਿਆਨ 'ਚ ਉਹਨਾਂ ਦੋਵੇਂ ਪਰੰਪਰਾਵਾਂ ਦੇ ਸ਼ਾਇਰਾਂ ਦੀਆਂ ਰਚਨਾਵਾਂ ਤੋਂ ਹੋਂਦ ਵਿਚ ਆਏ ਸੰਚਿਤ ਗ੍ਰੰਥਾਂ ਦਾ ਵੀ ਉਲੇਖ ਕੀਤਾ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਪੰਚਾਇਣ, ਪੰਚਾਇਤਨ, ਰੁਸ਼ਟਨਾਮਾ ਆਦਿ ਜ਼ਿਕਰਯੋਗ ਹਨ। ਉਪਰੰਤ ਡਾ. ਹਰਜੀਤ ਸਿੰਘ ਗਿੱਲ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਪ੍ਰੋ. ਇਰਾਕੀ ਦੇ ਖੋਜ ਭਰਪੂਰ ਵਿਆਖਿਆਨ ਦੀ ਪ੍ਰਸੰਸਾ ਕਰਦਿਆਂ ਫ਼ਲਸਫ਼ਾਨਾ ਨੁਕਤੇ ਤੋਂ ਗੁਰੂ ਨਾਨਕ ਦੇ ਵਿਚਾਰ-ਸੰਦੇਸ਼ ਨੂੰ ਰੂਪਮਾਨ ਕੀਤਾ। ਉਨ੍ਹਾਂ ਅਨੁਸਾਰ ਅਧਿਆਤਮਿਕਤਾ ਦਾ ਲੋਕ-ਸ਼ੈਲੀ 'ਚ ਨਿਰੂਪਣ ਕਰਨ ਵਾਲੇ ਸੂਫ਼ੀ ਅਤੇ ਸੰਤ ਸ਼ਾਇਰਾਂ ਤੋਂ ਗੁਰੂ ਨਾਨਕ ਫ਼ਿਲਾਸਫ਼ੀ ਦੇ ਪੱਧਰ ਤੇ ਅਸਲੋਂ ਵਿਲੱਖਣ ਸਨ। ਸੱਚ ਅਤੇ ਦੁੱਖ ਦੇ ਸੰਕਲਪਾਂ ਦੀ ਬ੍ਰਹਿਮੰਡੀ ਵਿਆਖਿਆ ਕਰਦਿਆਂ ਉਹਨਾਂ ਚਰਚਾ ਨੂੰ ਇਕ ਨਵੇਂ ਆਯਾਮ ਨਾਲ ਜੋੜਿਆ। ਅਖ਼ੀਰ 'ਚ ਸਭਾ ਦੇ ਸੰਚਾਲਕ ਡਾ. ਰਵੇਲ ਸਿੰਘ ਨੇ ਸੂਫ਼ੀ ਅਤੇ ਸੰਤਾਂ ਦੀ ਆਪਸੀ ਸਾਂਝ ਨੂੰ ਉਲੀਕਦੇ ਪ੍ਰੋਂ ਇਰਾਕੀ ਦੇ ਲੈਕਚਰ ਤੋਂ ਇਕ ਨਵੀਂ ਦਿਸ਼ਾ ਵਲ ਜਾਂਦੇ ਪ੍ਰੋ. ਗਿੱਲ ਦੇ ਬ੍ਰਹਿਮੰਡੀ ਖ਼ੁਲਾਸੇ ਨੂੰ ਇਸ ਪ੍ਰੋਗਰਾਮ ਦੀ ਪ੍ਰਾਪਤੀ ਦੱਸਦਿਆਂ, ਵਕਤਿਆਂ ਅਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ। ✧✧



